ਗੁਰਬਾਣੀ ਵਿੱਚ

# ਪੁਰਾਣਿਕ ਪਾਤਰ ਤੇ ਭਗਤ

ਸੋਹਣ ਸਿੰਘ ਸੀਤਲ



# ਗੁਰਬਾਣੀ ਵਿਚ
# ਪੁਰਾਣਿਕ ਪਾਤਰ ਤੇ ਭਗਤ


## ਸੋਹਣ ਸਿੰਘ ਸੀਤਲ



ਮਿਲਣ ਦਾ ਪਤਾ :

ਲਾਹੌਰ ਬੁਕ ਸ਼ਾਪ, ਲੁਧਿਆਣਾ

GURBANI VICH PURANIK PATAR TE BHAGAT
(By Sohan Singh Sital)

© ਲੇਖਕ

ਮੁੱਲ : 60 ਰੁਪਏ

ਪ੍ਰਿੰਟਰ:
ਜੀ. ਐਸ. ਪ੍ਰਿੰਟਰਜ਼, ਲੁਧਿਆਣਾ।

ਪ੍ਰਕਾਸ਼ਕ :
ਸੋਹਣ ਸਿੰਘ ਸੀਤਲ
ਮਾਲਕ : ਸੀਤਲ ਪੁਸਤਕ ਭੰਡਾਰ,
ਸੀਤਲ ਭਵਨ, ਮਾਡਲ ਗਰਾਮ, ਲੁਧਿਆਣਾ-2.

# ਮੁਖ-ਬੰਦ

ਮੇਰਾ ਪਾਠਕ ਇਹ ਸਵਾਲ ਮੇਰੇ 'ਤੇ ਆਮ ਕਰਦਾ ਹੈ, ਕਿ ਮੈਂ 'ਨਾਵਲ' ਲਿਖਣੇ ਛੱਡ ਕੇ ਸਿੱਖ ਇਤਿਹਾਸ ਦੀ ਖੋਜ ਵਾਲੇ ਪਾਸੇ ਕਿਉਂ ਪੈ ਗਿਆ ਹਾਂ। ਮੇਰਾ ਉੱਤਰ ਹੈ, 'ਦਿਲੀ ਲਗਨ'। ਛੋਟੀ ਉਮਰ ਤੋਂ ਹੀ ਮੈਂ ਗੁਰਬਾਣੀ ਤੇ ਸਿੱਖ ਇਤਿਹਾਸ ਬੜੀ ਸ਼ਰਧਾ ਨਾਲ ਪੜ੍ਹਦਾ ਆ ਰਿਹਾ ਹਾਂ। ਢਾਡੀ ਬਣ ਕੇ ਮੈਂ ਸਿੱਖ ਇਤਿਹਾਸ ਦਾ ਅਧੈਨ ਆਪਣਾ ਮੁੱਖ ਮਨੋਰਥ ਮਿਥ ਲਿਆ। ਲਿਖਣ ਤੋਂ ਪਹਿਲਾਂ, ਜਿੰਨਾ ਕੁ ਮੈਂ ਪੜ੍ਹ ਸਕਦਾ ਸਾਂ, ਜਾਂ ਜੋ ਕੁਛ ਪੜ੍ਹਨ ਵਾਸਤੇ ਮੈਨੂੰ ਮਿਲਿਆ, ਮੈਂ ਪੂਰੇ ਧਿਆਨ ਨਾਲ ਪੜ੍ਹਿਆ। ਲਿਖਣ ਤੋਂ ਪਹਿਲਾਂ ਮੈਂ ਦ੍ਰਿੜ੍ਹਤਾ ਨਾਲ ਇਹ ਮਨ ਬਣਾ ਲਿਆ, ਕਿ ਜੋ ਮੈਨੂੰ ਸੱਚ ਜਾਪੇਗਾ, ਮੈਂ ਓਹਾ ਲਿਖਾਂਗਾ। ਮੈਂ ਬੇਲੋੜੀਆਂ ਕਰਾਮਾਤਾਂ ਨੂੰ ਨਹੀਂ ਮੰਨਦਾ। ਨਾਲੇ ਅੱਜ ਵਿਗਿਆਨ ਦੇ ਜੁੱਗ ਵਿਚ, ਜੇ ਅਸੀਂ ਦੂਸਰਿਆਂ ਦੀਆਂ ਕਰਾਮਾਤਾਂ ਨਹੀਂ ਮੰਨਦੇ, ਤਾਂ ਸਾਡੀਆਂ ਕੌਣ ਮੰਨੇਗਾ। ਸੋ ਮੈਂ ਜੋ ਕੁਛ ਵੀ ਲਿਖਿਆ ਹੈ, ਕਰਾਮਾਤਾਂ ਦੀ ਥਾਂ ਉਸ ਨੂੰ ਦਲੀਲ ਨਾਲ ਸਿੱਧ ਕਰਨ ਦਾ ਯਤਨ ਕੀਤਾ ਹੈ। ਗੁਰੂ ਨਾਨਕ ਦੇਵ ਜੀ

ਤੋਂ ਲੈ ਕੇ ਮਹਾਰਾਜਾ ਦਲੀਪ ਸਿੰਘ ਦੀ ਮੌਤ ਤਕ, ਮੈਂ ਅੱਠਾਂ ਜਿਲਦਾਂ ਵਿਚ ਇਤਿਹਾਸ ਲਿਖਿਆ ਤੇ ਛਾਪਿਆ। ਮੇਰੇ ਪਾਠਕਾਂ ਨੇ ਮੇਰੀ ਲਿਖਤ ਦੀ ਬੜੀ ਕਦਰ ਕੀਤੀ। ਮੈਂ ਗੁਰੂ ਮਹਾਰਾਜ ਦਾ ਵੀ ਤੇ ਪਾਠਕਾਂ ਦਾ ਵੀ ਸੱਚੇ ਦਿਲੋਂ ਧੰਨਵਾਦੀ ਹਾਂ।

ਅੰਗਰੇਜ਼ ਲੇਖਕਾਂ ਦੀ ਲਿਖਤ ਵਿਚੋਂ ਮੈਂ ਇਕ ਗੱਲ ਨੋਟ ਕੀਤੀ, ਕਿ ਉਹ ਹਵਾਲਾ ਦੇਣ ਲਗਿਆਂ ਆਮ ਲਿਖਦੇ, 'ਸਿੱਖ ਇਤਿਹਾਸਕਾਰ' ਇਹ ਲਿਖਦੇ ਹਨ।' ਇਸ ਗੱਲ ਦਾ ਮੇਰੇ ਮਨ 'ਤੇ ਬਹੁਤ ਅਸਰ ਹੋਇਆ ਤੇ ਮੈਂ ਉਹਨਾਂ ਪੁਰਾਤਨ ਗ੍ਰੰਥਾਂ ਨੂੰ ਫਿਰ ਦੁਬਾਰਾ ਬੜੇ ਧਿਆਨ ਨਾਲ ਪੜ੍ਹਿਆ, ਜੋ ਸਿੱਖਾਂ ਦੇ ਨਾਮ ਥੱਲੇ, ਗੁਰਮੁਖੀ ਲਿੱਪੀ ਤੇ ਬ੍ਰਜ ਭਾਸ਼ਾ ਵਿਚ ਲਿਖੇ ਗਏ ਹਨ। ਉਹਨਾਂ ਗ੍ਰੰਥਾਂ ਦੀ ਬੋਲੀ ਔਖੀ, ਸੰਮਤ ਲਿਖਣ ਦਾ ਢੰਗ ਬੜਾ ਗੁੰਝਲਦਾਰ, ਤੇ ਲਿਖਤ ਵਿਚ ਵਧੇਰੇ ਬ੍ਰਹਿਮਣੀ ਪ੍ਰਭਾਵ। ਜਾਣ ਬੁੱਝ ਕੇ, ਜਾਂ ਅਵੇਸਲੇ ਹੀ ਉਹਨਾਂ ਕਈ ਥਾਂਵਾਂ 'ਤੇ ਸਿੱਖ ਸਿਧਾਂਤ ਦਾ ਵਿਰੋਧ ਕੀਤਾ ਹੈ। ਉਹ ਮੈਨੂੰ ਬਹੁਤ ਰੜਕਿਆ।

ਅਖ਼ੀਰ, ਗੁਰੂ ਮਹਾਰਾਜ ਦਾ ਆਸਰਾ ਲੈ ਕੇ ਮੈਂ 'ਸਿੱਖ ਇਤਿਹਾਸ ਦੇ ਸੋਮੇਂ' ਨਾਮ ਦਾ ਗ੍ਰੰਥ ਲਿਖਣਾ ਸ਼ੁਰੂ ਕੀਤਾ। ਪਹਿਲੇ ਭਾਗ ਵਿਚ ਪੰਜ ਗ੍ਰੰਥ ਲਏ: ਸ੍ਰੀ ਗੁਰੁ ਸੋਭਾ, ਤਿੰਨ ਗੁਰ-ਬਿਲਾਸ, ਤੇ ਬੰਸਾਵਲੀ ਨਾਮਾ। ਇਹ ਭਾਗ ਸ: ਜੀਵਨ ਸਿੰਘ (ਮਾਲਕ ਲਾਹੌਰ ਬੁਕ ਸ਼ਾਪ, ਲੁਧਿਆਣਾ) ਨੇ ਛਾਪਿਆ। ਮੈਂ ਉਹਨਾਂ ਦਾ ਧੰਨਵਾਦੀ ਹਾਂ। ਮਗਰਲੇ ਚਾਰੇ ਭਾਗ ਮੈਨੂੰ ਆਪ ਛਾਪਣੇ ਪਏ। ਦੂਸਰੇ ਭਾਗ ਵਿਚ ਸਾਰਾ 'ਮਹਿਮਾ ਪ੍ਰਕਾਸ਼' ਤੇ ਕੁਛ ਗੁਰ ਪ੍ਰਣਾਲੀਆਂ ਹਨ। ਤਿੱਜੇ, ਚੌਥੇ ਤੇ ਪੰਜਵੇਂ ਭਾਗ ਵਿਚ ਪੂਰਨ 'ਸੂਰਜ ਪ੍ਰਕਾਸ਼' ਹੈ।

ਇਕ ਇਕ ਭਾਗ ਛਪਣ ਪਿਛੋਂ ਪਾਠਕ ਜੋ ਜੋ ਸਵਾਲ ਕਰਦੇ ਗਏ,

ਮੈਂ ਉਹਨਾਂ ਦਾ ਉੱਤਰ ਦੇਣ ਦਾ ਯਤਨ ਕਰਦਾ ਰਿਹਾ। ਬਹੁਤ ਸਾਰਿਆਂ ਸਵਾਲਾਂ ਦੇ ਉੱਤਰ ਦੂਸਰੇ ਭਾਗ ਦੇ ਅੰਤ ਵਿਚ ਦੇ ਦਿਤੇ। ਫਿਰ ਦੂਸਰੇ ਤੋਂ ਪੰਜਵੇਂ ਭਾਗ ਵਿਚ ਆਏ ਔਖੇ ਸ਼ਬਦਾਂ ਦੇ ਅਰਥ ਵੀ ਹਰ ਭਾਗ ਦੇ ਅੰਤ ਵਿਚ ਦੇ ਦਿਤੇ। ਕੁਛ ਸੱਜਣਾਂ ਦੇ ਸਵਾਲ ਦੇ ਉੱਤਰ ਵਿਚ ਮੈਂ ਪੰਜਵੇਂ ਭਾਗ ਦੇ ਅਖ਼ੀਰ ਵਿਚ ਉਹਨਾਂ ਸਾਰੇ ਪੁਰਾਣਿਕ ਪਾਤਰਾਂ ਦਾ ਥੋੜਾ ਥੋੜਾ ਵੇਰਵਾ ਦੇ ਦਿਤਾ, ਜੋ ਇਹਨਾਂ ਪੰਜਾਂ ਭਾਗਾਂ ਵਿਚ ਆਏ ਹਨ।

ਇਕ ਦਿਨ ਇਕ ਵਿੱਦਿਵਾਨ ਬਜ਼ੁਰਗ ਦਾ ਮੇਲ ਹੋਇਆ। ਉਹਨਾਂ ਬੜੇ ਪ੍ਰੇਮ ਨਾਲ ਕਿਹਾ, "ਵੇਖ ਭਈ! ਵਾਹਿਗੁਰੂ ਨੇ ਜੋ ਤੈਨੂੰ ਵਿੱਦਿਆ ਬਖ਼ਸ਼ੀ ਹੈ, ਇਹ ਉਸ ਦੀ ਅਮਾਨਤ ਹੈ। ਇਕ ਛੋਟਾ ਜੇਹਾ ਕੰਮ ਹੋਰ ਕਰ ਜਾ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਪੁਰਾਣਿਕ ਪਾਤਰਾਂ ਦਾ ਜ਼ਿਕਰ ਆਉਂਦਾ ਹੈ, ਉਹਨਾਂ ਬਾਰੇ ਵੀ ਕੁਛ ਲਿਖ।"

ਮੈਂ ਸ਼ਰਧਾ ਨਾਲ ਉਹਨਾਂ ਅੱਗੇ ਸਿਰ ਝੁਕਾਇਆ ਤੇ ਯਤਨ ਕਰਨ ਦੀ ਹਾਮੀ ਭਰੀ। (ਉਹ ਬਜ਼ੁਰਗ ਮੇਰੇ ਨਾਲੋਂ ਵੀ ਉਮਰ ਵਿਚ ਕੁਛ ਵਡੇਰੇ ਸਨ। ਉਹਨਾਂ ਦੀ ਸ਼ਖ਼ਸੀਅਤ ਦਾ ਮੇਰੇ ਮਨ 'ਤੇ ਬਹੁਤ ਅਸਰ ਹੋਇਆ।)

ਉਸ ਮੁਲਾਕਾਤ ਦਾ ਫਲ ਹੈ, ਇਹ ਛੋਟੀ ਜੇਹੀ ਪੁਸਤਕ "ਗੁਰਬਾਣੀ ਵਿਚ ਪੁਰਾਣਿਕ ਪਾਤਰ ਤੇ ਭਗਤ" ਕੁਛ ਸਵਾਲਾਂ ਦੇ ਉੱਤਰ ਸ਼ਾਸਤਰਾਂ ਤੇ ਉਪਨਿਸ਼ਦਾਂ ਵਿਚੋਂ ਲਏ ਗਏ ਹਨ।

ਵਾਹਿਗੁਰੂ ਦੀ ਕਿਰਪਾ ਹੋਈ, ਤਾਂ ਅਗਾਂ ਓਹਾ ਇਤਿਹਾਸਕ ਨਾਵਲ "ਸਿੰਘ ਬੁੱਕੇ" ਪੂਰਾ ਕਰਨ ਦਾ ਯਤਨ ਕਰਾਂਗਾ। ਢੇਰ ਚਿਰ ਹੋਇਆ, ਮੈਂ ਲਿਖਣਾ ਸ਼ੁਰੂ ਕੀਤਾ ਸੀ। ਪਰ ਇਸ ਖੋਜ ਦੇ ਕੰਮ ਵਿਚ ਪੈ ਜਾਣ ਕਰ ਕੇ ਉਹ ਵਿਚੇ ਰਹਿ ਗਿਆ।

ਜੋ ਉਸ ਨੂੰ ਭਾਵੇਗਾ, ਉਹ ਆਪੇ ਕਰਾ ਲਵੇਗਾ। ਨਿਰੰਕਾਰ ਉਤੇ ਮੈਨੂੰ ਪੂਰਾ ਵਿਸ਼ਵਾਸ ਹੈ।

ਫ਼ਤਹਿ।

ਸੋਹਣ ਸਿੰਘ 'ਸੀਤਲ'
1-11-85

ਸੀਤਲ ਭਵਨ,
ਮਾਡਲ ਗਰਾਮ, ਲੁਧਿਆਣਾ-੨

# ਗੁਰਬਾਣੀ ਵਿਚ ਪੁਰਾਣਿਕ ਪਾਤਰ ਤੇ ਭਗਤ

(ਅੱਖਰ ਕਰਮ ਅਨੁਸਾਰ)

ਉਗ੍ਰਸੈਨ—ਇਹ 'ਮਥਰਾ' ਦਾ ਪ੍ਰਸਿੱਧ ਰਾਜਾ ਸੀ। ਇਸ ਦੇ ਪਿਤਾ ਦਾ ਨਾਮ 'ਆਹੁਕ' ਤੇ ਮਾਤਾ ਦਾ ਨਾਮ 'ਪਵਨ ਰੇਖਾ' (ਕਾਸ਼ਯਾ) ਸੀ। ਇਸ ਦੀ ਪਤਨੀ 'ਕਰਣੀ' ਸੀ। ਇਸ ਦੇ ਪਾਪੀ ਪੁੱਤਰ 'ਕੰਸ' ਨੇ ਪਿਤਾ ਨੂੰ ਕੈਦ ਕਰ ਕੇ ਰਾਜ ਗੱਦੀ ਆਪ ਸੰਭਾਲ ਲਈ।

ਉਗ੍ਰਸੈਨ ਨੇ ਆਪਣੇ ਛੋਟੇ ਭਾਈ 'ਦੇਵਕ' ਦੀ ਲੜਕੀ 'ਦੇਵਕੀ' ਆਪਣੀ ਧੀ ਬਣਾ ਕੇ ਪਾਲੀ ਸੀ। ਦੇਵਕੀ ਦੇ ਪੁੱਤਰ 'ਕ੍ਰਿਸ਼ਨ' ਨੇ ਕੰਸ ਨੂੰ ਮਾਰ ਕੇ ਰਾਜ-ਗੱਦੀ ਫਿਰ ਉਗ੍ਰਸੈਨ ਦੇ ਹਵਾਲੇ ਕਰ ਦਿਤੀ।

ਉਧਉ—ਵੇਖੋ ਊਧਵ।

ਉਮਾਪਤਿ—ਉਮਾ (ਪਾਰਵਤੀ) ਦਾ ਪਤੀ 'ਸ਼ਿਵ ਜੀ'।

ਊਧਵ—(ਊਧੋ) 'ਦੇਵ ਭਾਗ' ਯਾਦਵ ਦਾ ਪੁੱਤਰ। ਇਹ ਕ੍ਰਿਸ਼ਨ ਦਾ ਚਾਚਾ ਤੇ ਭੇਤੀ ਮਿੱਤਰ ਸੀ। ਗੋਪੀਆਂ ਤੱਕ ਕ੍ਰਿਸ਼ਨ ਦੇ ਸੁਨੇਹੇ ਏਹਾ ਪੁਚਾਇਆ ਕਰਦਾ ਸੀ।

ਅਸਟਧਾਤ—ਪੁਰਾਣੇ ਗ੍ਰੰਥਾਂ ਵਿਚ ਅੱਠ ਧਾਤਾਂ ਇਹ ਮੰਨੀਆਂ ਹਨ: ਸੋਨਾ, ਚਾਂਦੀ, ਤਾਂਬਾ, ਜਿਸਤ, ਪਾਰਾ, ਕਲੀ, ਲੋਹਾ ਤੇ ਸਿੱਕਾ।

ਸਰੀਰ ਵਿਚ ਅੱਠ ਧਾਤਾਂ ਇਹ ਮੰਨਦੇ ਹਨ : ਖੱਲੜੀ, ਰੋਮ, ਲਹੂ, ਨਾੜਾਂ, ਹੱਡੀਆਂ, ਪੱਠੇ, ਚਰਬੀ, ਤੇ ਵੀਰਜ । ਕੁਛ ਵਿੱਦਵਾਨ ਇਹ ਅੱਠ ਮੰਨਦੇ ਹਨ : ਰਸ, ਲਹੂ, ਮਾਸ, ਚਰਬੀ, ਹੱਡੀਆਂ, ਮਿੜ, ਵੀਰਜ ਤੇ ਬਲ ।

**ਅਹਲਿਆ**—ਇਹ 'ਵ੍ਰਿਧਾਸ੍ਵ' ਦੀ ਪੁੱਤਰੀ ਤੇ 'ਗੌਤਮ ਰਿਖੀ' ਦੀ ਸੁੰਦਰ ਪਤਨੀ ਸੀ । ਰਾਮਾਇਣ ਦੇ ਕਰਤਾ ਅਨਸਾਰ ਸਭ ਤੋਂ ਪਹਿਲਾਂ 'ਬਰਮਾ' ਨੇ ਇਹਾ ਸੁੰਦਰ ਇਸਤਰੀ ਬਣਾਈ ਸੀ । 'ਇੰਦਰ' ਦੇਵਤਾ ਇਸ ਉਤੇ ਮੋਹਤ ਹੋ ਗਿਆ । ਉਹ ਰਿਖੀ ਤੋਂ ਚੋਰੀ ਇਸ ਦੇ ਪਾਸ ਆਇਆ । ਗੌਤਮ ਨੂੰ ਪਤਾ ਲੱਗ ਗਿਆ, ਤਾਂ ਉਸ ਨੇ ਇੰਦਰ ਨੂੰ 'ਹਜ਼ਾਰ ਭਗ ਵਾਲਾ' ਹੋਣ ਦਾ ਸਰਾਪ ਦਿਤਾ । ਤੇ ਅਹਲਿਆ ਗੌਤਮ ਦੇ ਸਰਾਪ ਨਾਲ 'ਸਿਲ' ਬਣ ਗਈ । ਪਿਛੋਂ ਰਾਮ ਚੰਦਰ ਜੀ ਨੇ ਆਪਣੇ ਚਰਨ ਛੁਹਾ ਕੇ ਅਹਲਿਆ ਦੀ ਮੁਕਤੀ ਕੀਤੀ ।

**ਅਹੋਈ**—'ਅਹਿਵੰਸ਼' ਵਿਚ ਹੋਣ ਵਾਲੀ ਇਕ ਦੇਵੀ । ਅੱਸੂ ਦੇ ਨੌਰਾਤਿਆਂ ਵਿਚ ਕੁਆਰੀਆਂ ਕੰਨਿਆਂ ਇਸ ਦੀ ਮਿੱਟੀ ਦੀ ਮੂਰਤੀ ਬਣਾ ਕੇ, ਪੂਜਾ ਕਰਦੀਆਂ ਹਨ । ਤੇ ਅਸ਼ਟਮੀ ਨੂੰ ਵਰਤ ਰਖਦੀਆਂ ਹਨ । ਫਿਰ ਕੱਤਕ ਦੀ ਚਾਨਣੀ ਏਕਮ ਨੂੰ ਉਹ ਮੂਰਤੀ ਜਲ-ਪਰਵਾਹ ਕਰ ਦੇਂਦੀਆਂ ਹਨ । ਜ਼ਿਲਾ ਮਥਰਾ ਵਿਚ 'ਰਾਧਾ ਕੁੰਡ' ਉਤੇ ਕੱਤਕ ਵਦੀ ਅੱਠ ਨੂੰ 'ਅਹੋਈ' ਦਾ ਮੇਲਾ ਲਗਦਾ ਹੈ ।

**ਅਕਰੂਰ**—(ਅਕ੍ਰੂਰ) ਇਹ ਯਾਦਵ ਵੰਸ਼ੀ ਕ੍ਰਿਸ਼ਨ ਦਾ ਚਾਚਾ ਸੀ । ਇਸ ਦੇ ਪਿਤਾ ਦਾ ਨਾਮ 'ਸ੍ਵਫਲਕ' ਤੇ ਮਾਤਾ ਦਾ ਨਾਮ 'ਗਾਂਦਿਨੀ' ਸੀ । ਕੰਸ ਵੱਲੋਂ ਜੱਗ ਦਾ ਨਿਉਂਦਾ ਦੇ ਕੇ ਇਹ ਕ੍ਰਿਸ਼ਨ ਤੇ ਬਲਰਾਮ ਨੂੰ

ਗੋਕਲ ਤੋਂ ਮਥਰਾ ਲੈ ਕੇ ਗਿਆ ਸੀ, ਜਿੱਥੇ ਕ੍ਰਿਸ਼ਨ ਨੇ ਕੰਸ ਨੂੰ ਮਾਰ ਕੇ ਉਗ੍ਰਸੈਨ ਨੂੰ ਰਾਜ ਦਿਤਾ ਸੀ।

ਅਜਰਾਈਲ—ਇਸਲਾਮੀ ਸ਼ਰ੍ਹਾ ਅਨਸਾਰ ਮੌਤ ਦਾ ਫ਼ਰਿਸ਼ਤਾ, ਜੋ ਜੀਵਾਂ ਦੀ ਜਾਨ ਕਢਦਾ ਹੈ। ਮਲਕੁਲ ਮੌਤ। ਜਮਰਾਜ।

ਅਜਾਮਲ—'ਕਨੌਜ' ਦਾ ਇਕ ਦੁਰਾਚਾਰੀ ਬ੍ਰਿਹਮਣ। ਇਕ ਵੇਸਵਾ ਦੇ ਪੇਟੋਂ ਉਸ ਦੇ ਘਰ ਦਸ ਪੁੱਤਰ ਹੋਏ। ਸਭ ਤੋਂ ਛੋਟੇ ਦਾ ਨਾਮ 'ਨਾਰਾਇਣ' ਸੀ। ਅੰਤ ਸਮੇਂ 'ਨਾਰਾਇਣ' ਨੂੰ ਯਾਦ ਕਰ ਕੇ ਉਹ ਮੁਕਤ ਹੋ ਗਿਆ। (ਭਾਗਵਤ)।

ਅਜੈ—(ਰਾਜਾ ਅਜ) ਰਾਮ ਚੰਦਰ ਦਾ ਦਾਦਾ।

'ਇੰਦੁਮਤੀ' ਵਿਦਰਭ ਦੇ ਰਾਜਾ ਭੋਜ ਦੀ ਭੈਣ ਸੀ। ਉਸ ਨੇ ਸਵੰਬਰ ਵਿਚ ਰਾਜਾ 'ਰਘੁ' ਦੇ ਪੁੱਤਰ ਅਜ (ਅਜੈ) ਨੂੰ ਵਰਿਆ ਸੀ। ਅੱਗੇ 'ਅਜ' ਦਾ ਦਸ਼ਰਥ, ਤੇ ਦਸ਼ਰਥ ਦਾ ਰਾਮ ਚੰਦਰ ਹੋਇਆ। ਇੰਦੁਮਤੀ ਦੀ ਮੌਤ ਹੋ ਗਈ। ਅੰਤ ਰਾਣੀ ਇੰਦੁਮਤੀ ਦੇ ਵਿਜੋਗ ਵਿਚ ਰਾਜਾ ਅਜ ਭਿਖਿਆ ਮੰਗਦਾ ਮਰਿਆ।

ਅਠਸਠ ਤੀਰਥ—(ਅਠਾਹਟ ਤੀਰਥ)। 'ਮਤਸਯ ਪੁਰਾਣ', 'ਭਵਿਸ਼ਯ ਪੁਰਾਣ' ਤੇ 'ਕਪਲ ਤੰਤ੍ਰ' ਵਿਚ ਇਹਨਾਂ ਤੀਰਥਾਂ ਦੀ ਗਿਣਤੀ ਤੇ ਨਾਂਵਾਂ ਵਿਚ ਕੁਛ ਫ਼ਰਕ ਹੈ। ਪ੍ਰਸਿੱਧ ਅਠਾਹਟ ਤੀਰਥ ਇਹ ਹਨ। ਓਅੰਕਾਰ, ਅਯੋਧਯਾ, ਅਵੰਤਿਕਾ, ਏਰਾਵਤੀ, ਸ਼ਤਦ੍ਰ, ਸਰਸਵਤੀ, ਸਰਯੂ, ਸਿੰਧੁ, ਸ਼ਿਪ੍ਰਾ, ਸ਼ੋਣ, ਸ਼੍ਰੀਸ਼ੈਲ, ਸ੍ਰੀ ਰੰਗ, ਹਰਿਦਵਾਰ, ਕਪਾਲਮੋਚਨ, ਕਪਿਲੋਦਕ, ਕਾਸ਼ੀ, ਕਾਂਚੀ, ਕਾਲੰਜਰ, ਕਾਵੇਰੀ, ਕੁਰੁਛੇਤਰ, ਕੇਦਾਰ ਨਾਥ, ਕੌਸ਼ਿਕੀ, ਗਯਾ, ਗੋਕਰਣ, ਗੋਦਾਵਰੀ, ਗੋਮਤੀ, ਗੋਵਰਧਨ, ਗੰਗਾ ਸਾਗਰ, ਗੰਡਕਾ, ਘਰਘਰਾ, ਚਰਮਨ-

ਵਤੀ, ਚਿਤ੍ਰਕੂਟ, ਚੰਦ੍ਰਭਾਗਾ, ਜਗੰਨਾਥ, ਜਵਾਲਾਮੁਖੀ, ਤਪਤੀ, ਤਾਮਰਪਰਣੀ, ਤੁੰਗਭਦ੍ਰਾ, ਦਸ਼ਾਸ੍ਵਮੇਧ, ਦ੍ਰਿਸ਼ਦਵਤੀ, ਦਵਾਰਿਕਾ, ਧਾਰਾ, ਨਰਮਦਾ, ਨਾਗਤੀਰਥ, ਨੈਮਿਸ਼, ਪੁਸ਼ਕਰ, ਪ੍ਰਯਾਗ (ਤ੍ਰਿਬੇਣੀ ਸੰਗਮ), ਪ੍ਰਿਥੂਦਕ, ਬਦਰੀ ਨਾਰਾਇਣ, ਭਦ੍ਰੇਸ਼੍ਵਰ, ਭੀਮੇਸ਼੍ਵਰ, ਭ੍ਰਿਗੁਤੁੰਗ, ਮਹਾਕਾਲ, ਮਹਾਬੋਧਿ, ਮਥਰਾ, ਮਾਨਸਰੋਵਰ, ਮਾਯਾਪੁਰੀ, ਮੰਦਾਕਿਨੀ, ਯਮੁਨਾ, ਰਾਮੇਸ਼੍ਵਰ, ਵਿਤਸਤਾ, ਵਿੰਧ੍ਯਾ, ਵਿਪਾਸ਼, ਵਿਮਲੇਸ਼੍ਵਰ, ਵੇਣਾ, ਵੇਤ੍ਰਵਤੀ, ਵੈਸ਼ਨਵੀ, ਵੇਦਯਨਾਥ।

ਅਭੀਚ ਪੁਰਬ—(ਅਭਿਜਿਤ) ਨਾ ਜਿੱਤਿਆ ਜਾਣ ਵਾਲਾ। ਉਤਰਾਖਾੜਾ ਨਛੱਤ੍ਰ ਦੇ ਪਹਿਲੇ ਹਿੱਸੇ ਵਿਚ ਤੀਰਥ ਇਸ਼ਨਾਨ।

ਅਰਜਨ—ਰਾਜਾ ਪਾਂਡੂ ਦੀ ਪਤਨੀ ਕੁੰਤੀ ਦਾ ਪੁੱਤਰ, ਪਾਂਡਵਾਂ ਦਾ ਵਿਚ-ਕਾਰਲਾ ਭਾਈ। 'ਮਹਾਭਾਰਤ' ਅਨਸਾਰ ਇਹ ਕੁੰਤੀ ਦੇ ਪੇਟੋਂ ਇੰਦਰ ਦਾ ਪੁੱਤਰ ਸੀ। ਇਹ ਧਨਖ-ਵਿੱਦਿਆ ਵਿਚ ਸਮਰੱਥ ਮੰਨਿਆਂ ਜਾਂਦਾ ਸੀ। ਰਾਜਾ ਪਾਂਡੂ ਨੂੰ ਸਰਾਪ ਸੀ। ਇਸ ਵਾਸਤੇ ਪੰਜਾਂ ਪਾਂਡਵਾਂ ਵਿਚੋਂ ਪਾਂਡੂ ਦਾ ਪੁੱਤਰ ਕੋਈ ਵੀ ਨਹੀਂ ਸੀ।

ਅਰੁਣ—ਸੂਰਜ ਦਾ ਰਥਵਾਨ। ਇਹ 'ਵਿਨਤਾ' ਦੀ ਕੁੱਖੋਂ ਕੱਸ਼ਯਪ ਦਾ ਪੁੱਤਰ ਤੇ 'ਗਰੜ' ਦਾ ਵੱਡਾ ਭਾਈ ਸੀ। ਇਸ ਦਾ ਕਮਰ ਤੋਂ ਹੇਠਲਾ ਹਿੱਸਾ ਨਹੀਂ ਸੀ, ਭਾਵ ਪਿੰਗਲਾ ਸੀ। ਸਮੇਂ ਤੋਂ ਪਹਿਲਾਂ ਪੁੱਤਰ ਵੇਖਣ ਦੀ ਇੱਛਿਆ ਨਾਲ ਇਸ ਦੀ ਮਾਤਾ ਨੇ ਆਂਡਾ ਤੋੜ ਦਿਤਾ ਸੀ, ਜਿਸ ਕਰ ਕੇ ਇਹ ਪਿੰਗਲਾ ਜੰਮਿਆਂ ਸੀ। ਅਰੁਣ ਦੇ ਘਰ 'ਸ਼ਯੇਨੀ' ਵਿਚੋਂ ਦੋ ਪੁੱਤਰ ਹੋਏ 'ਸੰਪਾਤੀ' ਤੇ 'ਜਟਾਯੂ'।

ਅਵਸਥਾ ਚਾਰ—ਵੇਖੋ ਚਾਰ ਅਵਸਥਾ।

ਅਵਤਾਰ—ਹਿੰਦੂ ਮਤ ਅਨਸਾਰ ਦਸ ਅਵਤਾਰ ਵੱਡੇ ਤੇ ਚੌਦਾਂ ਉਪ

(ਛੋਟੇ) ਅਵਤਾਰ (ਕੁੱਲ ਚੌਵੀ) ਮੰਨੇ ਜਾਂਦੇ ਹਨ। ਦਸ ਅਵਤਾਰ ਹਨ :—ਮੱਛ, ਕੱਛੂ (ਕੱਛੂਕੁੰਮਾ), ਵਿਰਾਹ (ਸੂਰ), ਨਰਸਿੰਘ, ਵਾਮਨ (ਵਉਣਾ), (ਇਹ ਸਤਜੁਗ ਦੇ), ਪਰਸਰਾਮ, ਰਾਮਚੰਦਰ (ਤ੍ਰੇਤੇ ਦੇ), ਕ੍ਰਿਸ਼ਨ (ਦੁਆਪਰ ਦੇ), ਬੁਧ ਤੇ ਕਲਕੀ (ਕਲਿਜੁਗ ਦੇ)। ਪਹਿਲੇ ਨੌ ਹੋ ਚੁਕੇ ਹਨ, ਤੇ ਦਸਵਾਂ 'ਕਲਕੀ ਅਵਤਾਰ' (ਨਿਹਕਲੰਕ) ਅਜੇ ਹੋਣਾ ਹੈ। ਬਾਕੀ ਚੌਦਾਂ ਉਪ (ਛੋਟੇ) ਅਵਤਾਰ ਹਨ : ਮੋਹਨੀ, ਬਲਰਾਮ, ਨਾਰਦ, ਰਿਸ਼ਭਦੇਵ, ਕਪਿਲ, ਵਯਾਸ, ਪ੍ਰਿਥੂ, ਦੱਤਾਤ੍ਰੇਯ, ਨਰ, ਨਾਰਾਇਣ, ਹਯਗ੍ਰੀਵ, ਵੈਵਸ੍ਵਤਮਨੁ, ਹੰਸ ਤੇ ਧਨੰਤਰ।

ਆਸਣ—ਬੈਠਣ ਦਾ ਬਸਤਰ, ਜਾਂ ਮ੍ਰਿਗਸ਼ਾਲਾ। ਯੋਗ ਸ਼ਾਸਤਰ ਅਨੁਸਾਰ ੮੪ ਆਸਣ ਮੰਨੇ ਗਏ ਹਨ। ਇਹ ਪਸ਼ੂ ਪੰਛੀਆਂ ਦੇ ਬੈਠਣ ਢੰਗਾਂ ਦੀ ਨਕਲ ਹਨ। ਇਹਨਾਂ ਵਿਚੋਂ ਚਾਰ ਉੱਤਮ ਮੰਨੇ ਗਏ ਹਨ।

੧. ਸਿੱਧਾਸਨ—ਦੋਹਾਂ ਪੈਰਾਂ ਦੀਆਂ ਅੱਡੀਆਂ ਨਾਲ ਮਲ ਨਿਕਾਸ ਦੇ ਦੋਵੇਂ ਰਸਤੇ (ਗੁਦਾ ਤੇ ਲਿੰਗ) ਰੋਕ ਕੇ ਬੈਠਣਾ।

੨. ਪਦਮਾਸਨ—ਸੱਜੇ ਪੱਟ ਉਤੇ ਖੱਬਾ ਤੇ ਖੱਬੇ ਉਤੇ ਸੱਜਾ ਪੈਰ ਰਖ ਕੇ, ਪਿੱਠ ਪਿੱਛੋਂ ਦੀ ਦੋਹਾਂ ਹੱਥਾਂ ਨਾਲ ਦੋਹਾਂ ਪੈਰਾਂ ਦੇ ਅੰਗੂਠੇ ਫੜ ਕੇ ਬੈਠਣਾ।

੩. ਸਿੰਹਾਸਨ—ਮਲ ਮੂਤਰ ਦੇ ਨਿਕਾਸ ਦੇ ਵਿਚਕਾਰਲੀ ਸਿਉਣ ਉੱਪਰ ਪੈਰਾਂ ਦੇ ਗਿੱਟੇ ਜਮੱਾ ਕੇ ਬੈਠਣਾ, ਤੇ ਗੋਡਿਆਂ ਉਪਰ ਹੱਥ ਰੱਖ ਕੇ ਨੱਕ ਦੀ ਨੋਕ ਉਤੇ ਨਜ਼ਰ ਟਿਕਾਉਣੀ।

੪. ਭਦ੍ਰਾਸਨ—ਪਦਮਾਸਨ ਵਾਂਗ ਬੈਠ ਕੇ ਪੈਰਾਂ ਦੇ ਅੰਗੂਠੇ ਫੜਨ ਨਾਲ ਇਹ ਭਦ੍ਰਾਸਨ ਬਣ ਜਾਂਦਾ ਹੈ। ਏਸੇ ਤਰ੍ਹਾਂ ਬਾਕੀ

ਆਸਣ ਹਨ ।

**ਆਸ਼ਰਮ ਚਾਰ**—ਵੇਖੋ ਚਾਰ ਆਸ਼ਰਮ ।

**ਅੰਗਰੇ**—ਅੰਗਿਰਾ, ਜੋ ਸੱਤ ਵੱਡੇ ਰਿਖੀਆਂ ਤੇ ਦਸ ਪ੍ਰਜਾਪਤੀਆਂ ਵਿਚੋਂ ਮੰਨਿਆਂ ਜਾਂਦਾ ਹੈ । ਇਹ 'ਰਿਗ ਵੇਦ' ਦੇ ਕਈ ਮੰਤ੍ਰਾਂ ਦਾ ਕਰਤਾ ਮੰਨਿਆਂ ਜਾਂਦਾ ਹੈ । ਇਸ ਨੂੰ 'ਆਹੁਤੀ' ਦਾ ਦੇਵਤਾ ਤੇ ਦੇਵਤਿਆਂ ਦਾ ਪ੍ਰੋਹਤ ਮੰਨਿਆਂ ਜਾਂਦਾ ਹੈ । ਇਸ ਦੀ ਪੈਦਾਇਸ਼ ਬਾਰੇ ਦੋ ਰਾਵਾਂ ਹਨ । ਕੁਛ ਕਹਿੰਦੇ ਹਨ, ਇਹ ਬਰਮਾ ਦੇ ਮੂੰਹ ਵਿਚੋਂ ਪੈਦਾ ਹੋਇਆ । ਪਰ ਕੁਛ ਵਿੱਦਵਾਨ ਅੰਗਿਰਾ ਨੂੰ 'ਉਰੂ' ਤੇ 'ਆਗਨੇਯੀ' ਦਾ ਪੁੱਤਰ ਮੰਨਦੇ ਹਨ । ਸਿਮ੍ਰਿਤਿ, ਸ਼੍ਰਧਾ, ਤੇ ਸ੍ਵਧਾ ਇਸ ਦੀਆਂ ਪਤਨੀਆਂ ਸਨ । ਉਤਥਯ, ਵ੍ਰਿਹਸਪਤਿ ਤੇ ਮ੍ਰਿਕੰਡੂ ਇਸ ਦੇ ਪੁੱਤਰ ਸਨ । ਭਾਨੁਮਤੀ, ਰਾਕਾ, ਸਿਨੀਵਾਲੀ, ਅਚਿੰਸ਼ਮਤੀ, ਹਵਿਸ਼ਮਤੀ, ਤੇ ਪੁਨਯਜਨਿਕਾ ਇਸ ਦੀਆਂ ਪੁੱਤਰੀਆਂ ਸਨ । 'ਮਹਾਭਾਰਤ' ਵਿਚ ਇਸ ਨੂੰ 'ਅਗਨੀ' ਦਾ ਪੁੱਤਰ ਲਿਖਿਆ ਹੈ, ਤੇ ਇਸ ਦੀ ਪਤਨੀ ਦਾ ਨਾਮ 'ਸੁਭਾ' ਮੰਨਿਆਂ ਹੈ ।

**ਅੰਬਰੀਕ**—(ਅੰਬਰੀਸ਼, ਅੰਬਰੀਖ) 'ਭਾਗਵਤ' ਤੇ 'ਮਹਾਭਾਰਤ' ਵਿਚ ਇਸ ਨੂੰ 'ਨਾਭਾਗ' ਦਾ ਪੁੱਤਰ ਲਿਖਿਆ ਹੈ । ਪਰ 'ਵਾਲਮੀਕੀ ਰਾਮਾਇਣ' ਅਨਸਾਰ ਅੰਬਰੀਕ 'ਪ੍ਰਸ਼ਸ੍ਰਕ' ਦਾ ਪੁੱਤਰ ਅਯੁੱਧਿਆ ਦਾ ਸੂਰਜਬੰਸੀ ਰਾਜਾ ਸੀ । ਉਹ ਰਾਜਾ 'ਇਖਵਾਕ' ਦੀ ਕੁਲ ਵਿਚੋਂ ਅਠਾਈਵੀਂ ਪੀੜ੍ਹੀ ਸੀ ।

ਰਾਜਾ ਅੰਬਰੀਕ ਕੱਤਕ ਦੀ ਦਵਾਦਸੀ ਨੂੰ ਇਕਾਦਸ਼ੀ ਦਾ ਵਰਤ ਉਪਾਰਣ ਵਾਲਾ (ਛੱਡਣ ਵਾਲਾ) ਸੀ, ਜਾਂ 'ਦੁਰਬਾਸ਼ਾ' ਰਿਖੀ ਆ ਗਿਆ । ਅੰਬਰੀਕ ਨੇ ਆਦਰ ਵਜੋਂ ਦੁਰਬਾਸ਼ਾ ਨੂੰ ਭੋਜਨ

ਕਰਨ ਵਾਸਤੇ ਕਿਹਾ। ਦੁਰਬਾਸ਼ਾ ਨੇ ਕਿਹਾ, 'ਮੈਨੂੰ ਉਡੀਕੋ, ਮੈਂ ਇਸ਼ਨਾਨ ਕਰ ਕੇ ਆਉਂਦਾ ਹਾਂ।' ਪਰ ਉਹ ਜਾਣ ਬੁਝ ਕੇ ਦੇਰ ਕਰ ਕੇ ਵਾਪਸ ਆਇਆ। ਪ੍ਰੋਹਤ ਦੇ ਕਹਿਣ ਉਤੇ, ਸਮਾਂ ਹੋ ਜਾਣ ਕਰ ਕੇ, ਅੰਬਰੀਕ ਨੇ ਵਰਤ ਖੁਹਲ ਲਿਆ। ਦੁਰਬਾਸ਼ਾ ਨੇ ਕ੍ਰੋਧ ਵਿਚ ਆ ਕੇ, ਆਪਣੀ ਜਟਾ ਪੁੱਟ ਕੇ ਇਕ 'ਤੇਜ ਪੁੰਜ ਪੁਰਖ' ਪੈਦਾ ਕੀਤਾ, ਜੋ ਅੰਬਰੀਕ ਨੂੰ ਮਾਰਨ ਵਾਸਤੇ ਦੌੜਿਆ। ਅੰਬਰੀਕ 'ਵਿਸ਼ਨੂੰ' ਦਾ ਭਗਤ ਸੀ। ਅੰਬਰੀਕ ਦੀ ਸਹਾਇਤਾ ਵਾਸਤੇ ਵਿਸ਼ਨੂੰ ਦਾ ਸੁਦਰਸ਼ਨ ਚੱਕਰ ਆ ਗਿਆ। ਉਸ ਤੇਜ ਪੁੰਜ ਪੁਰਖ ਨੂੰ ਮਾਰਕੇ ਸੁਦਰਸ਼ਨ ਦੁਰਬਾਸ਼ਾ ਦੇ ਮਗਰ ਲੱਗ ਪਿਆ। ਸਾਰੀਆਂ ਠਾਹਰਾਂ ਤੋਂ ਨਿਰਾਸ ਹੋ ਕੇ ਦੁਰਬਾਸ਼ਾ ਅੰਤ ਅੰਬਰੀਕ ਦੀ ਸ਼ਰਣ ਪਿਆ, ਤਾਂ ਉਸ ਨੇ ਦੁਰਬਾਸ਼ਾ ਨੂੰ ਸੁਦਰਸ਼ਨ ਚੱਕਰ ਤੋਂ ਬਚਾਇਆ।

'ਲਿੰਗ ਪੁਰਾਣ' ਵਿਚ ਇਹ ਕਥਾ ਇਉਂ ਲਿਖੀ ਹੈ :— ਅੰਬਰੀਕ ਦੀ ਪੁੱਤਰੀ 'ਸੁੰਦਰੀ' ਉਤੇ 'ਨਾਰਦ' ਤੇ 'ਪਰਵਤ ਰਿਖੀ' ਦੋਵੇਂ ਮੋਹਤ ਸਨ। ਅੰਬਰੀਕ ਨੇ ਇਕ ਦਿਨ ਦੋਹਾਂ ਨੂੰ ਬੁਲੱਾ ਲਿਆ। ਦੋਹਾਂ ਨੇ ਇਕ ਦੂਸਰੇ ਦੇ ਵਿਰੁਧ ਵਰ ਮੰਗੇ। ਦੋਹਾਂ ਦੇ ਵਰ ਪੂਰੇ ਹੋ ਗਏ। ਭਾਵ. ਸਮੇਂ ਸਿਰ ਦੋਹਾਂ ਦੇ ਮੂੰਹ ਬਾਂਦਰਾਂ ਵਰਗੇ ਹੋ ਗਏ। 'ਸੁੰਦਰੀ' ਨੇ ਵਰਮਾਲਾ 'ਵਿਸ਼ਨੂੰ' ਦੇ ਗਲ ਪਾ ਦਿਤੀ। ਨਾਰਦ ਤੇ ਪਰਵਤ ਰਿਖੀ ਨੇ ਅੰਬਰੀਕ ਨੂੰ ਸਰਾਪ ਦਿਤਾ, ਕਿ ਤੂੰ ਸਦਾ ਅੰਧੇਰੇ ਵਿਚ ਘਿਰਿਆ ਰਹੇਂਗਾ। ਵਿਸ਼ਨੂੰ ਦੇ ਭਗਤ ਅੰਬਰੀਕ ਦੀ ਸਹਾਇਤਾ ਵਾਸਤੇ 'ਸੁਦਰਸ਼ਨ' ਆ ਗਿਆ। ਉਹਨੇ ਹਨੇਰਾ ਦੂਰ ਕਰ ਕੇ ਨਾਰਦ ਤੇ ਪਰਵਤ ਰਿਖੀ ਦਾ ਪਿੱਛਾ ਕੀਤਾ। ਦੋਵੇਂ ਅੰਬਰੀਕ ਦੀ ਸ਼ਰਣ ਪਏ, ਤਾਂ ਬਚਾਉ ਹੋਇਆ।

ਈਸਰ—ਈਸ਼ਵਰ। ਸ਼ਿਵ। ਬ੍ਰਹਿਮਨੀ ਧਰਮ ਦੇ ਤਿੰਨ ਵੱਡੇ ਦੇਵਤਿਆਂ (ਵਿਸ਼ਨੂੰ, ਬਰਮਾ, ਸ਼ਿਵ) ਵਿਚੋਂ ਇਕ। ੨. ਗੋਰਖ ਨਾਥ ਦੇ ਮੱਤ ਦਾ ਇਕ ਜੋਗੀ।

ਇੰਦ—ਇੰਦਰ—ਦੇਵਤਿਆਂ ਦਾ ਰਾਜਾ। ਵਰਖਾ ਕਰਨਾ ਵੀ ਏਸੇ ਦੇ ਵੱਸ ਮੰਨਿਆਂ ਜਾਂਦਾ ਹੈ।

ਇੰਦਰੇ ਦਸ—ਪੰਜ ਗਿਆਨ ਇੰਦਰੇ (ਅੱਖਾਂ, ਕੰਨ, ਜੀਭ, ਨਾਸਾਂ ਤੇ ਖਲੜੀ)। ਤੇ ਪੰਜ ਕਰਮ ਇੰਦਰੇ (ਹੱਥ, ਪੈਰ, ਮੂੰਹ, ਗੁਦਾ ਤੇ ਲਿੰਗ)।

ਇੜਾ, ਪਿੰਗਲਾ, ਸੁਖਮਨ—ਇਹ ਤਿੰਨ ਪ੍ਰਸਿਧ ਨਾੜੀਆਂ, ਜਿੰਨਾਂ ਰਾਹੀਂ ਸਵਾਸ ਅੰਦਰ ਬਾਹਰ ਕਢ ਕੇ ਜੋਗੀ ਪ੍ਰਾਣਾਯਾਮ ਕਰਦੇ ਹਨ।

ਸਹਿਸਬਾਹੁ—ਸਹਸ੍ਰਬਾਹੁ—ਹੈਵਯ ਵੰਸ਼ ਦਾ ਇਕ ਪ੍ਰਤਾਪੀ ਰਾਜਾ ਸੀ। ਸੰਸਕ੍ਰਿਤ ਕਵੀਆਂ ਨੇ ਇਸ ਨੂੰ ਹਜ਼ਾਰ ਬਾਹਵਾਂ ਵਾਲਾ ਲਿਖਿਆ ਹੈ। ਇਹ ਚੰਦਰਵੰਸ਼ੀ ਰਾਜਾ ਕ੍ਰਿਤਵੀਰਯ ਦਾ ਪੁੱਤਰ ਸੀ। ਇਸ ਲਈ ਇਸ ਨੂੰ 'ਕਾਰਤਵੀਰਯ' ਵੀ ਕਹਿੰਦੇ ਹਨ। ਇਸ ਨੂੰ 'ਅਰਜਨ' ਵੀ ਕਿਹਾ ਜਾਂਦਾ ਸੀ। ਇਹ ਮਾਹਿਸ਼ਮਤੀ ਨਗਰੀ ਦਾ ਰਾਜਾ ਤੇ ਦੱਤਾਤ੍ਰੇਯ ਦਾ ਸਿੱਖ ਸੀ। ਇਸ ਨੇ ਦੁਨੀਆਂ ਨੂੰ ਜਿੱਤ ਕੇ ਪਚਾਸੀ ਹਜ਼ਾਰ ਬਰਸ ਰਾਜ ਕੀਤਾ।

'ਬ੍ਰਹਮਵੈਵਰਤਯ' ਪੁਰਾਣ ਅਨਸਾਰ ਇਕ ਵਾਰ ਸਹਸ੍ਰਬਾਹੂ ਸਨਾ ਸਮੇਤ 'ਜਮਦਗਨਿ' ਰਿਖੀ ਦੇ ਆਸ਼ਰਮ ਵਿਚ ਗਿਆ। ਰਿਖੀ ਨੇ ਕਪਿਲਾ (ਕਾਮਧੇਨ) ਗਊ ਦੀ ਸਹਾਇਤਾ ਨਾਲ ਰਾਜੇ ਦੀ ਬਹੁਤ ਵਧੀਆ ਦਾਵਤ ਕੀਤੀ। ਰਾਜੇ ਨੇ ਗਊ ਮੰਗੀ। ਰਿਖੀ ਦੇ ਇਨਕਾਰ ਕਰਨ ਉਤੇ, ਰਾਜੇ ਨੇ ਧੱਕੇ ਨਾਲ ਗਊ ਖੋਹਣੀ ਚਾਹੀ।

ਪਰ ਗਊ ਤੋਂ ਪੈਦਾ ਹੋਈ ਸੈਨਾਂ ਹੱਥੋਂ ਰਾਜਾ ਹਾਰ ਖਾ ਕੇ ਚਲਾ ਗਿਆ। ਕੁਛ ਚਿਰ ਪਾ ਕੇ ਰਾਜੇ ਨੇ ਅਚਨਚੇਤ ਹਮਲਾ ਕਰ ਕੇ ਰਿਖੀ ਜਮਦਗਨ ਨੂੰ ਮਾਰ ਦਿਤਾ। ਜਮਦਗਨ ਦਾ ਪੁੱਤਰ ਪਰਸਰਾਮ ਉਸ ਵੇਲੇ ਆਸ਼ਰਮ ਵਿਚ ਨਹੀਂ ਸੀ। ਪਰਸਰਾਮ ਦੀ ਮਾਂ 'ਰੇਣਕਾ' ਨੇ ਬਹੁਤ ਵਿਰਲਾਪ ਕੀਤਾ। ਪਰਸਰਾਮ ਨੇ ਸਹੰਸਰਬਾਹੂ ਨੂੰ ਜੰਗ ਵਿਚ ਮਾਰਿਆ, ਤੇ ਪਿਛੋਂ ਇੱਕੀ ਵਾਰ ਛੱਤਰੀਆਂ ਦਾ ਨਾਸ਼ ਕੀਤਾ।

ਸੱਤ ਸਮੁੰਦ—ਪੁਰਾਣਾ ਅਨੁਸਾਰ ਸੱਤ ਸਮੁੰਦਰ (ਸਾਗਰ) ਇਹ ਹਨ :— ੧. ਦੁੱਧ ਦਾ, ੨. ਦਹੀਂ ਦਾ, ੩. ਘਿਉ ਦਾ, ੪. ਗੰਨੇ ਦੇ ਰਸ ਦਾ, ੫. ਸ਼ਹਿਦ ਦਾ, ੬. ਮਿੱਠੇ ਪਾਣੀ ਦਾ, ੭. ਖਾਰੇ ਪਾਣੀ ਦਾ। ਹਰ ਇਕ ਦੇ ਘੇਰੇ ਵਿਚ ਇਕ ਇਕ ਦੀਪ (ਟਾਪੂ) ਹੈ।

ਸੱਤਾ ਬਲਵੰਡ—ਗੁਰੂ ਘਰ ਦੇ ਰਬਾਬੀ ਸਨ। ਗੁਰੂ ਅਰਜਨ ਦੇਵ ਜੀ ਨਾਲ ਇਹ ਨਾਰਾਜ਼ ਹੋ ਕੇ ਛੱਡ ਗਏ। ਪਿਛੋਂ ਭਾਈ ਲੱਧਾ ਉਪਕਾਰੀ ਨੇ ਇਹਨਾਂ ਨੂੰ ਮਾਫ਼ੀ ਦੁਆਈ। ਸਰੂਪ ਦਾਸ ਭੱਲਾ, 'ਮਹਿਮਾ ਪ੍ਰਕਾਸ਼' ਵਿਚ ਸੱਤੇ ਨੂੰ ਬਲਵੰਡ ਦਾ ਪੁੱਤਰ ਲਿਖਦਾ ਹੈ, ਪਰ ਕਵੀ ਸੰਤੋਖ ਸਿੰਘ 'ਗੁਰ ਪ੍ਰਤਾਪ ਸੂਰਜ' ਵਿਚ ਇਹਨਾਂ ਦੋਹਾਂ ਨੂੰ ਭਰੱਾ ਮੰਨਦਾ ਹੈ। ਇਹਨਾਂ ਦੀ ਉਚਾਰੀ ਇਕ ਵਾਰ ਰਾਗ ਰਾਮਕਲੀ ਵਿਚ ਦਰਜ ਹੈ।

ਸਨਕਾਦਿਕ—ਸਨਕ ਆਦਿਕ :—ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ। ਇਹ ਚਾਰੇ ਬ੍ਰਹਮਾ ਦੇ ਮਾਨਸਿਕ ਪੁੱਤਰ ਮੰਨੇ ਜਾਂਦੇ ਹਨ।

ਸਨਿਆਸੀ ਫ਼ਿਰਕੇ—ਸੰਨਿਆਸੀਆਂ ਦੇ ਪ੍ਰਸਿੱਧ ਦਸ ਫ਼ਿਰਕੇ ਮੰਨੇ ਜਾਂਦੇ

ਹਨ :—ਤੀਰਥ, ਆਸ਼ਰਮ, ਬਨ, ਆਰੰਨਯ, ਗਿਰਿ, ਪਰਬਤ, ਸਾਗਰ, ਸਤਸ੍ਰਤ, ਭਾਰਤੀ ਤੇ ਪੁਰੀ ।

ਸ੍ਰੀ—ਲਛਮੀ, ਵਿਸ਼ਨੂੰ ਦੀ ਪਤਨੀ । ਆਦਰ ਵਜੋਂ ਵੀ ਇਹ ਸ਼ਬਦ ਵਰਤਿਆ ਜਾਂਦਾ ਹੈ ।

ਸ਼ਾਸਤਰ ਛੇ—੧. ਪੂਰਵ ਮੀਮਾਸਾ, ਕਰਤਾ ਜੈਮਨ ਰਿਖੀ । ੨. ਵੈਸ਼ੇਸ਼ਕ, ਕਰਤਾ ਕਣਾਦਿ ਮੁਨੀ । ੩. ਨਯਾਇ, ਕਰਤਾ ਗੋਤਮ ਰਿਖੀ । ੪. ਯੋਗ ਦਰਸ਼ਨ (ਪਾਤਜਲ ਸ਼ਾਸਤਰ) ਕਰਤਾ ਪਾਤੰਜਲ ਰਿਖੀ । ੫. ਸਾਂਖ ਸ਼ਾਸਤਰ, ਕਰਤਾ ਕਪਲ ਮੁਨੀ । ੬. ਵੇਦਾਂਤ, ਕਰਤਾ ਵੇਦ ਵਿਆਸ । ਸ਼ਾਸਤਰਾਂ ਦੇ ਕਰਤਾ ਕਾਫ਼ੀ ਬਰੀਕੀ ਤਕ ਗਏ ਹਨ । ਪਰ ਇਹਨਾਂ ਵਿਚੋਂ ਕੁਛ ਈਸ਼ਵਰ ਨੂੰ ਕਰਤਾ ਨਹੀਂ ਮੰਨਦੇ । ਸਗੋਂ ਉਹ ਸਾਰੀ ਉਤਪਤੀ ਪ੍ਰਕਿਰਤੀ ਤੋਂ ਹੀ ਮੰਨਦੇ ਹਨ ।

ਸਾਗਰ ਸੱਤ—ਵੇਖੋ ਸੱਤ ਸਮੁੰਦ ।

ਸਾਰਦ—ਸਾਰਦਾ ਦੇਵੀ, ਸਰਸਵਤੀ ਦੇਵੀ । ਇਸ ਨੂੰ ਕਵਿਤਾ ਦੀ ਵਰਦਾਤੀ ਮੰਨਿਆਂ ਜਾਂਦਾ ਹੈ ।

ਸਾਲਗਰਾਮ—ਸ਼ਾਲਗ੍ਰਾਮ-ਗੰਡਕੀ ਨਦੀ ਦੇ ਕਨਾਰੇ ਇਕ ਪਿੰਡ, ਜਿਸ ਦਾ ਇਹ ਨਾਮ ਸ਼ਾਲ ਦੇ ਬਿਰਛਾਂ ਤੋਂ ਪਿਆ ਹੈ, ਸ਼ਾਲਗ੍ਰਾਮ ਪਿੰਡ ਕੋਲੋਂ ਗੰਡਕੀ ਨਦੀ ਵਿਚੋਂ ਨਿਕਲਿਆ ਗੋਲ ਪੱਥਰ, ਜਿਸ ਉਪਰ ਚੱਕਰ ਦਾ ਚਿੰਨ੍ਹ ਹੁੰਦਾ ਹੈ । ਹਿੰਦੂ ਇਸ ਨੂੰ ਵਿਸ਼ਨੂੰ ਦੀ ਮੂਰਤੀ ਮੰਨਦੇ ਹਨ ਤੇ ਪੂਜਾ ਕਰਦੇ ਹਨ ।

ਸਿੱਧ ਚੌਰਾਸੀ—ਗੋਰਖ ਪੰਥੀਆਂ ਦੇ ਸ਼ਿਰੋਮਣੀ ਚੋਰਾਸੀ ਸਿੱਧ ਇਹ ਹਨ : ਉਰਮਿ, ਅਸੁਨਾਥ, ਅਸੁਰਵਿਨਾਸੀ, ਅਨਹਦ ਸ਼ਬਦੀ, ਅਬਿਨਾਸੀ, ਅਮਰ ਨਿਧਿ, ਅਮ੍ਰਿਤਭੋਗੀ, ਆਨੰਦਰੂਪੀ, ਆਪਸ੍ਰੂਪੀ, ਔਘੜ,

ਈਸ਼ਰ (ਈਸ਼੍ਵਰ), ਏਕਰੰਗੀ ਏਕਾਂਗੀ, ਏਕਾਂਤਵਾਸੀ, ਸਮਾਰਤ, ਸਰਸ੍ਵਤੀ, ਸਾਗਰ, ਸਿੱਧਸੈਨ, ਸ਼ੀਤਲ, ਸੁਰਤਿ ਸਿੱਧ, ਸ਼ੰਕਰ, ਸੰਭਾਲਕਾ, ਸ਼ੰਭੂ, ਸ੍ਵਰਸਿੱਧ, ਹਰਸ਼ਨਿਧਿ, ਹਨੀਫਾ, ਕਨਕ, ਕਮਲਸੈਨ, ਕਰਮਨਾਸੀ, ਕਲਾਵਿਲਾਸੀ, ਕਲੇਸ਼ਨਾਸੀ, ਕਾਲੇਂਦ੍ਰ, ਕੇਲਿਕਰਨ, ਕੇਵਲਕਰਮੀ, ਕ੍ਰਿਸ਼ਨ ਕੁਮਾਰ, ਖਲਕਨਿਧਿ, ਖਿੰਥੜ, ਗਗਨਵਾਸੀ, ਗਿਰਿਧਰ, ਗਿਰਿਬੋਧ, ਗੁਫਾਬਾਸੀ, ਗੋਪਾਲ, ਗੋਵਰਧਨ, ਘਨਾਨੰਦੀ, ਚਤੁਰਬੋਨ, ਚਲਨਿਧਿ, ਜਾਲਕ, ਜੋਗਅਨੂਪੀ, ਜੋਤਿ-ਮਗਨ, ਜੋਤਿਲਗਨ; ਝੰਗਰ, ਤਪਨ, ਤਰੰਗੀ, ਦਰਸ਼ਨਜੋਤਿ, ਦੁੱਖਨਾਸੀ, ਧੂਰਮ. ਨਿਤਯਸਿੱਧ, ਨਿਰਤ, ਪਰਵਤ, ਪਲਕਨਿਧਿ, ਪਲਾਸਭੋਗੀ, ਪੂਰਨ, ਪ੍ਰਾਣਨਾਥ, ਬਿਹੰਗਮਜੋਗੀ, ਬਿੰਬਸਾਰ, ਬਿਮਲਜੋਤਿ, ਬ੍ਰਹਮ, ਬ੍ਰਹਮਭੋਗੀ, ਬ੍ਰਹਮਯੋਗੀ, ਭਰਥਰਿ, ਭੂਤਨਾਥ, ਭੰਗਰ, ਮਹਾਯੋਗੀ, ਮਗਨਧਾਰ, ਮੁਕਤੇਸ੍ਵਰ, ਮੂਲਮੰਤ੍ਰੀ, ਯੋਗਨਿਧਿ, ਰਾਮਸਿੱਧ, ਰੰਗਨਾਥ, ਲੋਹਾਰੀਪਾ, ਲੰਗਰ, ਵਿਸ਼ਨਪਤਿ, ਤੇ ਵਿਚਿਤ੍ਰ ਕਰਮੀ ।

ਸਿੱਧੀਆਂ ਅਠਾਰਾਂ ਮੰਨੀਆਂ ਹਨ । ੧. ਅਣਿਮਾ (ਪ੍ਰਮਾਣੂ ਵਾਂਗ ਛੋਟਾ ਹੋ ਜਾਣਾ), ੨. ਮਹਿਮਾ (ਸਥੂਲ ਹੋ ਜਾਣਾ), ੩. ਗਰਿਮਾ (ਭਾਰਾ ਹੋ ਜਾਣਾ), ੪. ਲਘਿਮਾ (ਹੌਲਾ ਹੋ ਜਾਣਾ), ੫. ਪ੍ਰਾਪਤੀ (ਇੱਛਿਆ ਅਨੁਸਾਰ ਸਭ ਕੁਛ ਪ੍ਰਾਪਤ ਕਰ ਲੈਣਾ) ੬: ਪ੍ਰਕਾਰਮਯ (ਇਛਿਆ ਅਨਸਾਰ ਪ੍ਰਿਥਵੀ ਵਿਚ ਲੁਕ ਜਾਣਾ, ਜਾਂ ਪਰਗਟ ਹੋ ਜਾਣਾ), ੭. ਵਸੀਕਰਣ (ਹਰ ਵਸਤੂ ਨੂੰ ਆਪਣੇ ਵੱਸ ਵਿਚ ਕਰ ਲੈਣਾ), ੮. ਈਸ਼ਤਾ (ਪਦਾਰਥਾਂ ਨੂੰ ਰਚਣ ਤੇ ਖੈ ਕਰਨ ਦੀ ਸ਼ਕਤੀ), ੯. ਅਨਰੂਪੀ (ਭੁੱਖ ਤੇਹ ਤੋਂ ਮੁਕਤ ਹੋ ਜਾਣਾ), ੧੦. ਸ੍ਰਵਣ ਸਿੱਧੀ

(ਦੂਰ ਬੈਠਿਆਂ ਸੁਣ ਲੈਣਾ), ੧੧. ਦਰਸ਼ਨ ਸਿੱਧੀ (ਦੂਰ ਦੀਆਂ ਚੀਜ਼ਾਂ ਵੇਖ ਲੈਣਾ), ੧੨. ਮਨੋਬੇਗ ਸਿਧੀ (ਮਨ ਦੀ ਰੁਚੀ ਅਨਸਾਰ ਹਰ ਥਾਂ ਪੁਜ ਜਾਣਾ), ੧੩. ਕਾਮਰੂਪ ਸਿਧੀ (ਇੱਛਿਆ ਅਨਸਾਰ ਰੂਪ ਧਾਰ ਲੈਣਾ), ੧੪. ਪਰਕਾਂਯ ਪ੍ਰਵੇਸ ਸਿਧੀ (ਭੂਤ ਵਾਂਗ ਦੂਸਰੇ ਦੇ ਸਰੀਰ ਵਿਚ ਪਰਵੇਸ਼ ਕਰ ਜਾਣਾ), ੧੫ ਸਵਛੰਦ ਮ੍ਰਿਤਯੂ (ਇੱਛਿਆ ਅਨਸਾਰ ਦੇਹ ਤਿਆਗਣਾ), ੧੬. ਸੁਰ ਕਰੀੜਾ ਸਿਧੀ (ਅਪੱਛਰਾਂ ਤੇ ਦੇਵਤਿਆਂ ਨੂੰ ਗ੍ਰਿਸਤ ਕਰਦੇ ਵੇਖਣਾ), ੧੭. ਸੰਕਲਪ ਸਿਧੀ (ਦਿਲ ਦੇ ਸੰਕਲਪ ਪੂਰੇ ਹੋ ਜਾਣਾ), ੧੮. ਅਪ੍ਰਹਤਿਗਤਿ ਸਿਧੀ (ਜਿਥੇ ਇੱਛਿਆ ਹੋਵੇ, ਓਥੇ ਝੱਟ ਪੱਟ ਪੁੱਜ ਜਾਣਾ ।

**ਸਿਮਰਤੀਆਂ**—ਵੇਦਾਂ, ਸ਼ਾਸਤਰਾਂ ਤੇ ਉਪਨਿਸ਼ਧਾਂ ਪਿਛੋਂ ਸਿਮਰਤੀਆਂ ਦਾ ਅਸਥਾਨ ਹੈ। ਮਨੁੱਖ ਜਾਤੀ ਵਿਚ ਛੂਤ-ਛਾਤ ਤੇ ਊਚ-ਨੀਚ ਦੀ ਬੀਮਾਰੀ ਸਿਮਰਤੀਆਂ ਨੇ ਪੈਦਾ ਕੀਤੀ ਹੈ। ਇਹਨਾਂ ਦੀ ਗਿਣਤੀ ਸਤਾਈ ਮੰਨੀ ਜਾਂਦੀ ਹੈ। ਪਰ ਚਾਰ ਸਿਮਰਤੀਆਂ ਪਿਛੋਂ ਹੋਰ ਲਿਖੀਆਂ ਗਈਆਂ ਹਨ। ਉਹ ਮਿਲਾ ਕੇ ਗਿਣਤੀ ਇਕੱਤੀ ਹੋ ਗਈ। ਸਭ ਤੋਂ ਪ੍ਰਸਿੱਧ 'ਮਨੂ ਸ੍ਰਿਰਤੀ' ਹੈ। ੧. ਮਨੂ ਸਿਮ੍ਰਿਤੀ, ੨. ਯਾਗਯਵਲਕਯ, ੩. ਲਘੁਅਤ੍ਰਿ, ੪. ਅਤ੍ਰੀ, ੫. ਵ੍ਰਿਧਅਤ੍ਰਿ, ੬. ਵਿਸ਼ਨੂੰ, ੭. ਲਘੁਹਾਰੀਤ, ੮. ਵ੍ਰਿਧ ਹਾਰੀਤ, ੯. ਔਸ਼ਨਸ, ੧੦. ਔਸ਼ਨਸ ਸਹਿੰਤਾ, ੧੧. ਆਂਗਿਰਸ, ੧੨.ਯਮ, ੧੩.ਆਪਸਤੰਬ, ੧੪. ਸੰਵਰਤ, ੧੫. ਕਾਤਯਾਯਨ, ੧੬. ਬ੍ਰਿਹਸਪਤ, ੧੭. ਪਾਰਾਸ਼ੁਰ, ੧੮. ਵ੍ਰਿਹਤ ਪਾਰਾਸ਼ੁਰੀ, ੧੯. ਵਿਆਸ, ੨੦. ਲਘੁ ਵਿਆਸ, ੨੧. ਸੰਖ, ੨੨. ਲਿਖਤ, ੨੩. ਦਕ, ੨੪. ਗੌਤਮ, ੨੫. ਵ੍ਰਿਧ ਗੌਤਮ, ੨੬. ਸ਼ਾਂਤਾਤਪ, ੨੭. ਵਾਸ਼ਿਸ਼ਟ, ੨੮.ਪੁਲਸਤਯ, ੨੯. ਬੁਧ,

੩੦. ਕਸਪ, ੩੧. ਨਾਰਦ ਸਿਮ੍ਰਿਤੀ ।

ਸਿਵ=ਸ਼ਿਵ—ਪਾਰਬਤੀ ਦਾ ਪਤੀ। ਇਸੇ ਨੂੰ ਮਹੇਸ਼ ਤੇ ਮਹਾਦੇਉ ਕਹਿੰਦੇ ਹਨ। ਇਹ ਹਿੰਦੂ ਮਤ ਦੇ ਤਿੰਨ ਵੱਡੇ ਦੇਵਤਿਆਂ (ਵਿਸ਼ਨੂੰ, ਬ੍ਰਹਮਾ, ਸ਼ਿਵ ਜੀ) ਵਿਚੋਂ ਇਕ ਹੈ ।

ਸੀਤਾ—ਭਗਵਾਨ ਰਾਮ ਚੰਦਰ ਦੀ ਪਤਨੀ। ਵਾਲਮੀਕੀ ਰਾਮਾਇਣ ਅਨਸਾਰ, ਜੱਗ ਲਈ ਜ਼ਮੀਨ ਸਾਫ਼ ਕਰਨ ਵਾਸਤੇ ਰਾਜਾ ਸੀਰਧ੍ਵਜ ਨੇ ਹਲ ਚਲਾਇਆ, ਤਾਂ ਹਲ ਦੇ ਸਿਆੜ ਨਾਲ ਜ਼ਮੀਨ ਵਿਚੋਂ ਇਕ ਕੰਨਿਆਂ ਪਰਗਟ ਹੋਈ । ਉਹ ਹਲ ਦੀ ਸੀਤਾ (ਸਿਆੜ) ਵਿਚੋਂ ਪੈਦਾ ਹੋਈ, ਇਸ ਲਈ ਉਸ ਦਾ ਨਾਮ 'ਸੀਤਾ' ਪੈ ਗਿਆ। ਰਾਜਾ 'ਜਨਕ' ਤੇ ਉਸ ਦੀ ਪਤਨੀ 'ਸੁਨਯਨਾ' ਨੇ ਸੀਤਾ ਨੂੰ ਪੁੱਤਰੀ ਬਣਾ ਕੇ ਪਾਲਿਆ, ਇਸ ਲਈ ਉਹ 'ਜਨਕਜਾ' (ਜਨਕ ਦੀ ਧੀ) ਕਹੀ ਜਾਂਦੀ ਹੈ । ਧਰਤੀ ਵਿਚੋਂ ਪੈਦਾ ਹੋਣ ਕਰਕੇ ਉਸ ਨੂੰ 'ਭੂਮਜਾ' ਜਾਂ 'ਅਜੋਨੀਜਾ' ਵੀ ਕਹਿੰਦੇ ਹਨ । ਅੰਤਲੇ ਸ਼ਬਦ ਦਾ ਅਰਥ ਹੈ, ਕਿ ਉਹ ਮਾਤਾ ਦੀ ਜੋਨੀ (ਪੇਟ) ਚੋਂ ਪੈਦਾ ਨਹੀਂ ਹੋਈ। ਰਾਮ ਚੰਦਰ ਤੇ ਸੀਤਾ ਦੇ ਲਊ (ਲਵ) ਤੇ ਕੁਸੂ (ਕੁਸ਼) ਦੋ ਪੁੱਤਰ ਹੋਏ। (ਵਧੇਰੇ ਜਾਣਕਾਰੀ ਵਾਸਤੇ ਪੜ੍ਹੋ ਵਾਲਮੀਕੀ ਰਾਮਾਇਣ।)

ਸੀਤਲਾ—ਸ਼ੀਤਲਾ—ਚੀਚਕ ਦੀ ਦੇਵੀ। ਇਸ ਦਾ ਰੰਗ ਸੁਨਹਿਰੀ, ਖੋਤੇ ਦੀ ਅਸਵਾਰੀ, ਹੱਥ ਵਿਚ ਝਾੜੂ, ਮੱਥੇ ਉਤੇ ਛੱਜ ਤੇ ਲਾਲ ਰੰਗ ਦੇ ਬਸਤਰ ਕਹੇ ਜਾਂਦੇ ਹਨ । ਸੀਤਲਾ ਅਸ਼ਟਮੀ, (ਚੇਤ ਵਦੀ ਅੱਠ) ਨੂੰ ਇਸ ਦੀ ਖ਼ਾਸ ਪੂਜਾ ਕੀਤੀ ਜਾਂਦੀ ਹੈ ।

ਸੁੱਕ—ਸੁਕਦੇਉ—ਸੁਕਦੇਵ—ਵਿਆਸ ਮੁਨੀ ਦਾ ਇਕ ਪੁੱਤਰ । ਆਮ ਪ੍ਰਸਿੱਧ ਸੁਕਦੇਵ ਰਿਖੀ। ਮਹਾਭਾਰਤ ਅਨਸਾਰ, ਵਿਆਸ ਮੁਨੀ

ਹਵਨ ਕਰਨ ਵਾਸਤੇ ਅਰਣੀ ਦੀ ਲੱਕੜੀ ਘਸਾ ਕੇ ਅੱਗ ਬਾਲਣ ਦਾ ਯਤਨ ਕਰ ਰਿਹਾ ਸੀ। 'ਘ੍ਰਿਤਾਚੀ' ਅਪੱਛਰਾਂ ਉਸ ਦੇ ਸਾਮ੍ਹਣੇ ਆ ਗਈ। ਅਪੱਛਰਾਂ ਨੂੰ ਵੇਖ ਕੇ ਵਿਆਸ ਦਾ ਵੀਰਜ ਅਰਣੀ 'ਤੇ ਡਿਗ ਪਿਆ। ਮੁਨੀ ਦੇ ਸਰਾਪ ਤੋਂ ਡਰਦੀ ਘ੍ਰਿਤਾਚੀ ਤੋਤਾ ਬਣ ਕੇ ਉਡ ਗਈ। ਅਰਣੀ ਦੀ ਲਕੜੀ ਵਿਚੋਂ ਲੜਕਾ ਪੈਦਾ ਹੋਇਆ। ਵਿਆਸ ਨੇ ਉਸ ਦਾ ਨਾਮ 'ਸੁਕ' (ਸੁਕਦੇਵ) ਰਖਿਆ। 'ਸੁਕ' ਦਾ ਅਰਥ ਤੋਤਾ ਹੈ। ਉਸ ਨੇ ਰਾਜਾ ਜਨਕ ਪਾਸੋਂ ਵਿੱਦਿਆ ਪ੍ਰਾਪਤ ਕੀਤੀ, ਤੇ ਪ੍ਰਸਿੱਧ ਗਿਆਨੀ ਹੋਇਆ।

ਸੁਦਾਮਾ—ਇਕ ਗ਼ਰੀਬ ਬ੍ਰਾਹਮਣ, ਜੋ ਬਚਪਨ ਵਿਚ ਕ੍ਰਿਸ਼ਨ ਜੀ ਦਾ ਜਮਾਤੀ ਸੀ, ਤੇ ਗੂੜ੍ਹਾ ਮਿੱਤਰ ਵੀ। ਇਸਤਰੀ ਦਾ ਪ੍ਰੇਰਿਆ ਉਹ ਕ੍ਰਿਸ਼ਨ ਜੀ ਨੂੰ ਮਿਲਨ ਦਵਾਰਕਾ ਗਿਆ। ਕ੍ਰਿਸ਼ਨ ਜੀ ਨੇ ਉਸ ਦਾ ਆਦਰ ਕੀਤਾ, ਤੇ ਸਭ ਗ਼ਰੀਬੀ ਦੂਰ ਕਰ ਦਿਤੀ।

ਸੋਲਾਂ ਸ਼ਿੰਗਾਰ—ਪੁਰਾਤਨ ਕਵੀਆਂ ਨੇ ਪਤੀ ਦੀ ਪ੍ਰਸੰਨਤਾ ਹਾਸਲ ਕਰਨ ਵਾਸਤੇ ਇਸਤਰੀ ਦੇ ਸੋਲਾਂ ਸ਼ਿੰਗਾਰ ਮੰਨੇ ਹਨ। ਕਵੀ ਕੇਸ਼ੋਦਾਸ 'ਰਸਿਕ ਪ੍ਰਿਯਾ' ਵਿਚ ਇਉਂ ਲਿਖਦਾ ਹੈ :

"ਪ੍ਰਥਮ ਸਕਲ ਸੁਚਿ ਮੱਜਨ ਅਮਲਵਾਸ,  
ਜਾਵਕ ਸੁਦੇਸ ਕੇਸ ਪਾਸ਼ ਕੋ ਸੁਧਾਰਬੋ।  
ਅੰਗਰਾਗ ਭੂਸ਼ਣ ਵਿਵਿਧ ਮੁਖਵਾਸ ਰੰਗ,  
ਕੱਜਲ ਕਲਿਤ ਲੋਲ ਲੋਚਨ ਨਿਹਾਰਬੋ।  
ਬੋਲਨ ਹਸਨ ਮ੍ਰਿਦੁਚਲਨ ਚਿਤੌਨ ਚਾਰੁ,  
ਪਲ ਪਲ ਪਤਿਵ੍ਰਤ ਪ੍ਰੀਤਿ ਪ੍ਰਤਿਪਾਰਬੋ।  
ਕੇਸ਼ੋਦਾਸ ਸਵਿਲਾਸ ਕਰਹੋ ਕੁੰਵਰ ਰਾਧੇ,

ਇਹ ਵਿਧਿ ਸੋਰਹਿ ਸਿੰਗਾਰਨ ਸਿੰਗਾਰਥੋ।''

ਇਕ ਹੋਰ ਕਵੀ ਲਿਖਦਾ ਹੈ :

''ਸ਼ੁਚਿਤਾ ਸ਼ੀਲ ਸਨੇਹ ਗਤਿ, ਚਿਤਵਨ ਬੋਲਨ ਹਾਸ।
ਕੁਚ ਗੁਥਨ ਸੀਮੰਤ ਸ਼ੁਭ, ਭਾਲ ਤਿਲਕ ਸੁਖਰਾਸ।
ਭਾਲ ਤਿਲਕ ਸੁਖਰਾਸ ਦ੍ਰਿਗਨ ਅੰਜਨ ਅਤਿ ਸੋਹੈ
ਬੀਰੀ ਬਦਨ ਸੁਦੇਸ਼ ਚਿਬੁਕ ਮਸਿਕਨ ਮਨ ਮੋਹੈ।
ਜਾਵਕ ਮਹਿੰਦੀ ਰੰਗ ਰਾਗ 'ਭਗਵਤ' ਨਿਤ ਉਚਤਾ।
ਯੇ ਸੋਰਹਿ ਸਿੰਗਾਰ ਮੁੱਖ ਤਾਂ ਮੈ ਵਰ ਸ਼ੁਚਿਤਾ।''

੧. ਸਕਲ ਸੁਚ : ਦਾਤਨ, ਇਸ਼ਨਾਨ ਕਰ ਕੇ ਸਾਰੇ ਅੰਗਾਂ ਨੂੰ ਸਾਫ਼ ਪਵਿੱਤਰ ਰੱਖਣਾ।

੨. ਮੰਜਨ, ਵਟਣਾ ਆਦਿ ਮਲ ਕੇ ਸਰੀਰ ਨੂੰ ਸਾਫ਼ ਸੁਥਰਾ ਰੱਖਣਾ।

੩. ਅਮਲ ਬਸਤਰ : ਚੰਗੇ ਸਾਫ਼ ਸੁਥਰੇ ਬਸਤਰ ਪਹਿਨਣੇ।

੪. ਕਰ ਪਾਦ ਰਾਗ : ਹੱਥਾਂ ਪੈਰਾਂ ਨੂੰ ਮਹਿੰਦੀ ਆਦਿ ਨਾਲ ਰੰਗਣਾ।

੫. ਕੇਸ਼ ਸ਼ੋਭਾ : ਕੇਸਾਂ ਦੀਆਂ ਪਟੀਆਂ ਆਦਿ ਸੁਆਰ ਕੇ ਰੱਖਣਾ।

੬. ਅੰਗ ਰਾਗ : ਸਰੀਰ ਦੇ ਅੰਗਾਂ ਉਤੇ ਚੰਦਨ ਕੇਸਰ ਆਦਿ ਸੁਗੰਧੀ ਵਾਲਾ ਲੇਪ ਕਰਨਾ।

੭. ਭੂਖਣ : ਅਨੇਕ ਪ੍ਰਕਾਰ ਦੇ ਫੱਬਵੇਂ ਗਹਿਣੇ ਪਹਿਨਣੇ।

੮. ਮੁਖ ਬਾਸ : ਲਾਚੀ ਆਦਿ ਵਾਸ਼ਨਾ ਵਾਲੀਆਂ ਚੀਜ਼ਾਂ ਮੂੰਹ ਵਿਚ ਰਖਣਾ, ਤਾਂ ਕਿ ਦੁਰਗੰਧ ਨਾ ਆਵੇ।

੯. ਮੁਖ ਰਾਗ : ਬੁੱਲ੍ਹਾਂ ਤੇ ਦੰਦਾਂ ਵਿਚ ਸੁਰਖ਼ੀ ਲਾਉਣੀ ।

੧੦. ਲੋਲ ਲੋਚਨ ਦਰਸ਼ਨ : ਚੰਚਲ, ਤਿਰਸ਼ੇ ਮਨ ਮੋਹ ਲੈਣ ਵਾਲੇ ਨੇਤਰਾਂ ਨਾਲ ਵੇਖਣਾ।

੧੧. ਅੰਜਿਤ ਨੇਤਰ : ਸੁਰਮੇ ਕੱਜਲ ਆਦਿ ਨਾਲ ਨੇਤਰਾਂ ਸ਼ੰਗਾਰਨੇ ।

੧੨. ਮੰਜੁ ਭਾਖਣ : ਸੁਚੱਜੇ ਢੰਗ ਨਾਲ ਮਿੱਠਾ ਬੋਲਣਾ ।

੧੩. ਮੰਜੁ ਹਾਸ : ਮੰਦ ਮੰਦ ਤੇ ਸੁਚੱਜੇ ਢੰਗ ਨਾਲ ਹੱਸਣਾ ।

੧੪. ਚਿਤ ਚਾਤਰੀ : ਹਰ ਕੰਮ ਚਾਤਰੀ ਨਾਲ ਕਰਨਾ ।

੧੫. ਚਲਨਚਾਰ : ਹਾਥੀ ਵਾਂਗ ਮਸਤ ਚਾਲ ਚੱਲਣਾ ।

੧੬. ਪਤਿਬ੍ਰਤ ਪਾਲਨ : ਸਭ ਨਾਲੋਂ ਉੱਤਮ ਸ਼ੰਗਾਰ ਹੈ ਪਤੀ ਬ੍ਰਤਾ ਧਰਮ ਦੀ ਪਾਲਣਾ ਕਰਨਾ ।

**ਸੋਲਾਂ ਕਲਾ** (ਕਲਾ ਦਾ ਅਰਥ ਹੈ ਸ਼ਕਤੀ, ਗੁਣ) ਪੁਰਾਤਨ ਵਿੱਦਿਵਾਨਾਂ ਨੇ ਇਹ ਸੋਲਾਂ ਕਲਾ ਮੰਨੀਆਂ ਹਨ। ੧. ਪ੍ਰਿਥਵੀ, ੨. ਜਲ, ੩. ਅਗਨੀ, ੪. ਵਾਯੂ, ੫. ਅਕਾਸ਼, ੬. ਪਰਾਣ, ੭. ਇੰਦ੍ਰੇਯ, ੮. ਨਾਮ, ੯. ਕਰਮ, ੧੦. ਸ਼ਰਧਾ, ੧੧. ਲੋਕ, ੧੨. ਤਪ, ੧੩. ਮੰਤਰ, ੧੪. ਮਨ, ੧੫. ਵੀਰਯ, ੧੬. ਸਰੀਰ ।

**ਸੇਸ ਨਾਗ**=ਸ਼ੇਸ਼ਨਾਗ—(ਸੇਸ, ਸੇਖ), ਪਾਤਾਲ ਅਤੇ ਨਾਗਾਂ ਦਾ ਰਾਜਾ । ਪੁਰਾਣਾਂ ਅਨੁਸਾਰ ਇਸ ਦੇ ਇਕ ਹਜ਼ਾਰ ਸਿਰ 'ਤੇ ਮੂੰਹ ਹਨ। ਤੇ ਇਹ ਵਿਸ਼ਨੂੰ ਉਤੇ ਛਾਂ ਕਰਦਾ ਹੈ। ਵਿਸ਼ਨੂੰ ਪੁਰਾਣ ਅਨੁਸਾਰ ਜਦ ਸ਼ੇਸ਼ਨਾਗ ਉਬਾਸੀ ਲੈਂਦਾ ਹੈ, ਤਾਂ ਧਰਤੀ ਉਤੇ ਭੁਚਾਲ ਆ ਜਾਂਦਾ ਹੈ। ਇਕ 'ਕਲਪ' (ਚਾਰ ਅਰਬ, ਬੱਤੀ ਕਰੋੜ ਸਾਲ) ਪਿੱਛੋਂ ਉਹ ਮੂੰਹ ਵਿਚੋਂ ਅੱਗ ਕਢਦਾ ਹੈ, ਤਾਂ ਸਭ ਕੁਛ ਭਸਮ ਹੋ ਜਾਂਦਾ ਹੈ।

ਇਸ ਦੀ ਪਤਨੀ ਦਾ ਨਾਮ 'ਸ਼ੀਰਜ਼ਾ' ਲਿਖਦੇ ਹਨ। ਕੁਛ ਪੁਰਾਣਾਂ ਵਿਚ ਸ਼ੇਸ਼ਨਾਗ ਨੂੰ ਰਿਖੀ ਕਸ਼ਯਪ ਤੇ ਕਦਰੂ ਦਾ ਪੁੱਤਰ ਲਿਖਿਆ ਹੈ। 'ਬਲਰਾਮ' ਨੂੰ ਸ਼ੇਸ਼ਨਾਗ ਦਾ ਅਵਤਾਰ ਵੀ ਲਿਖਿਆ ਹੈ।

ਸ਼ੰਕਰ—ਸ਼ਿਵ ਜੀ।

ਸੰਡਾਮਰਕਾ—ਸੰਡ ਤੇ ਅਮਰਕ ਦੋਵੇਂ ਸ਼ੁਕ੍ਰ ਦੇ ਪੁੱਤਰ ਸਨ। ਇਹ ਦੈਂਤਾਂ ਦੇ ਪ੍ਰੋਹਤ ਸਨ। ਇਹ ਪ੍ਰਹਿਲਾਦ ਨੂੰ ਪੜ੍ਹਾਉਣ ਵਾਸਤੇ ਨੀਯਤ ਸਨ।

ਸ਼ੰਭੂ—ਸੰਭੁ—ਈਸ਼ਵਰ, ਵਿਸ਼ਨੂੰ, ਬ੍ਰਹਮਾ, ਸ਼ਿਵ। ਆਪਣੇ ਆਪ ਤੋਂ ਪਰਗਟ ਹੋਣ ਵਾਲਾ। ਸੈਭੰ। ਸ੍ਵੈਭੂ।

ਹਦੀਸ—ਇਸ ਵਿਚ ਮੁਹੰਮਦ ਸਾਹਿਬ ਦੇ ਇਸਲਾਮ ਬਾਰੇ ਵਿਚਾਰ ਹਨ। ਸ਼ਰ੍ਹਾ ਦੀ ਕਤਾਬ। ਕੁਰਾਨ ਪਿਛੋਂ ਇਸ ਦਾ ਦਰਜਾ ਹੈ।

ਹਨੂਮਾਨ=ਹਣਵੰਤੁ=ਹਣਵੰਤਰੁ—ਸੁਗਰੀਵ ਦਾ ਮੰਤਰੀ ਤੇ ਰਾਮ ਚੰਦਰ ਜੀ ਦਾ ਭਗਤ, ਇਕ ਮਹਾਨ ਯੋਧਾ ਤੇ ਵਿੱਦਿਵਾਨ। ਵਾਲਮੀਕ ਰਾਮਾਇਣ ਅਨੁਸਾਰ, ਅਪੱਛਰਾਂ 'ਪੰਜਿਕਸਥਲਾ' ਜਿਸ ਨੂੰ 'ਅੰਜਨਾ' (ਅੰਜਨੀ) ਵੀ ਕਹਿੰਦੇ ਹਨ, 'ਕੇਸਰੀ' ਦੀ ਇਸਤਰੀ ਬਹੁਤ ਸੁੰਦਰ ਸੀ। 'ਪਵਨ ਦੇਵਤਾ' ਉਸ ਉਤੇ ਮੋਹਤ ਹੋ ਗਿਆ। ਸੋ, ਅੰਜਨੀ ਤੇ 'ਪਵਨ ਦੇਵਤਾ' ਦਾ ਪੁੱਤਰ ਸੀ ਹਨੂਮਾਨ। ਇਸੇ ਲਈ ਇਸ ਨੂੰ 'ਪਵਨ ਪੁੱਤਰ' ਵੀ ਕਹਿੰਦੇ ਹਨ। ਜੰਮਦੇ ਸਾਰ ਹਨੂਮਾਨ ਸੂਰਜ ਨੂੰ ਖਾਣ ਪੈ ਗਿਆ। ਇੰਦਰ ਨੇ 'ਵਜ੍ਰ' ਮਾਰ ਕੇ ਬਾਲਕ ਨੂੰ ਹੇਠਾਂ ਸੁੱਟ ਦਿਤਾ, ਜਿਸ ਕਾਰਨ ਉਸ ਦਾ ਜਬਾੜ੍ਹਾ ਵਿੰਗਾ ਹੋ ਗਿਆ। ਹਨੂਮਾਨ ਵੇਦਾਂ ਦਾ ਵਿੱਦਿਵਾਨ ਮੰਨਿਆਂ ਜਾਂਦਾ ਹੈ। ਰਾਮ ਜੀ ਤੇ ਰਾਵਣ ਦੇ ਯੁੱਧ ਵਿਚ ਇਸ ਨੇ ਰਾਮ ਜੀ ਦੀ ਬਹੁਤ ਸੇਵਾ

ਕੀਤੀ ।

**ਹਰਣਾਖਸ**—ਪੁਰਾਤਨ ਗ੍ਰੰਥਾਂ ਵਿਚ ਇਸ ਦਾ ਨਾਮ 'ਹਿਰਨਯਕਸ਼ਿਪੁ' ਵੀ ਲਿਖਿਆ ਹੈ । ਇਸ ਨੇ ਦੇਵਤਿਆਂ ਨਾਲ ਯੁਧ ਕਰ ਕੇ ਇੰਦਰ ਕੋਲੋਂ ਸੁਰਗ ਲੋਕ ਖੋਹ ਲਿਆ ਸੀ । ਹਰਣਾਖਸ ਦਾ ਪੁੱਤਰ ਪ੍ਰਹਿਲਾਦ ਵਿਸ਼ਨੂੰ ਦਾ ਭਗਤ ਸੀ : ਸੰਡਾਮਰਕਾ ਉਸ ਦੇ ਉਸਤਾਦ ਸਨ । ਈਸ਼ਵਰ ਭਗਤੀ ਤੋਂ ਰੋਕਣ ਵਾਸਤੇ ਪ੍ਰਹਿਲਾਦ ਨੂੰ ਬਹੁਤ ਕਸ਼ਟ ਦਿਤੇ ਗਏ । ਅੰਤ ਵਿਸ਼ਨੂੰ ਨੇ 'ਨਰਸਿੰਘ' ਅਵਤਾਰ ਧਾਰ ਕੇ ਹਰਣਾਖਸ ਨੂੰ ਮਾਰਿਆ ।

**ਹਰੀ ਚੰਦ**—ਹਰਿਸ਼ਚੰਦ੍ਰ—ਇਹ ਸੂਰਜਵੰਸੀ ਰਾਜਾ ਤ੍ਰਿਸ਼ੰਕੁ ਦਾ ਪੁੱਤਰ ਮੰਨਿਆਂ ਜਾਂਦਾ ਹੈ । ਇਹ ਆਪਣੇ ਨਿਆਂ ਤੇ ਰਹਿਮਦਿਲੀ ਕਰ ਕੇ ਪ੍ਰਸਿੱਧ ਸੀ । ਮਹਾਭਾਰਤ ਅਨਸਾਰ ਇਹ ਰਾਜਸੂਯ ਜੱਗ ਕਰਨ ਤੇ ਬਹੁਤਾ ਦਾਨ ਦੇਣ ਦੇ ਕਾਰਨ ਇੰਦਰ ਲੋਕ ਪ੍ਰਾਪਤ ਕਰਨ ਦਾ ਹੱਕਦਾਰ ਬਣ ਗਿਆ । ਮਾਰਕੰਡੇ ਪੁਰਾਣ ਅਨਸਾਰ ਹਰੀ ਚੰਦ ਸ਼ਕਾਰ ਖੇਡਣ ਗਿਆ, ਤਾਂ ਉਹਨੂੰ ਇਸਤਰੀਆਂ ਦੇ ਵਿਰਲਾਪ ਕਰਨ ਦੀ ਵਾਜ ਆਈ । ਹਰੀ ਚੰਦ ਉਹਨਾਂ ਦੀ ਸਹਾਇਤਾ ਵਾਸਤੇ ਗਿਆ । ਇਸਤਰੀਆਂ ਲੋਪ ਹੋ ਗਈਆਂ । ਅੱਗੇ ਵਿਸਵਾਮਿਤ੍ਰ ਰਿਖੀ ਹੀ ਸੀ । ਉਹ ਬਹੁਤ ਗੁੱਸੇ ਹੋਇਆ । ਬ੍ਰਾਹਮਣ ਹੋਣ ਦੇ ਨਾਤੇ ਵਿਸਵਾ ਮਿੱਤ੍ਰ ਨੇ ਉਸਤੋਂ ਸਭ ਕੁਛ ਦਾਨ ਵਿਚ ਲੈ ਲਿਆ। ਖ਼ਾਲੀ ਹੱਥ ਰਾਜਾ ਹਰੀ ਚੰਦ ਆਪਣੀ ਇਸਤਰੀ 'ਵੈਸ਼ਯਾ' ਤੇ ਪੁੱਤਰ 'ਰੋਹਿਤ' (ਰੋਹਤਾਸ਼੍ਵ) ਨੂੰ ਨਾਲ ਲੈ ਕੇ ਬਨਾਰਸ ਵੱਲ ਤੁਰ ਪਿਆ । ਵਿਸਵਾ ਮਿਤ੍ਰ ਨੇ ਰਾਜੇ ਨੂੰ ਓਥੇ ਜਾ ਘੇਰਿਆ । ਰਿਖੀ ਨੇ ਕਿਹਾ, ਤੂੰ ਦਾਨ ਦਿਤਾ ਹੈ, ਤਾਂ ਹੁਣ ਦੱਛਣਾ ਵੀ ਦੇਹ । ਹਰੀ ਚੰਦ

ਨੇ ਦੱਛਣਾ ਦੀ ਰਕਮ ਪੂਰੀ ਕਰਨ ਬਦਲੇ ਪੁੱਤਰ ਤੇ ਇਸਤਰੀ ਨੂੰ ਵੇਚਿਆ ਤੇ ਆਪ ਚੰਡਾਲ ਪਾਸ ਵਿਕਿਆ। ਮਾਲਕ ਚੰਡਾਲ (ਜੋ ਅਸਲ ਵਿਚ ਧਰਮਰਾਜ ਸੀ) ਨੇ ਹਰੀ ਚੰਦ ਨੂੰ ਸਿਵਿਆਂ ਵਿਚ ਨੌਕਰੀ ਦਿਤੀ, ਕਿ ਮੁਰਦਿਆਂ ਦੇ ਖੱਫਣ ਲਿਆਇਆ ਕਰੇ। ਇਹ ਕੰਮ ਕਰਦਿਆਂ ਰਾਜੇ ਨੇ ਇਕ ਸਾਲ ਗੁਜ਼ਾਰਿਆ। ਰੋਹਿਤ ਸੱਪ ਲੜਨ ਕਰ ਕੇ ਮਰ ਗਿਆ। ਰਾਣੀ ਪੁੱਤਰ ਦੀ ਲੋਥ ਲੈ ਕੇ ਸਿਵਿਆਂ ਵਿਚ ਗਈ। ਦੋਹਾਂ ਨੇ ਇਕ ਦੂਸਰੇ ਨੂੰ ਪਛਾਣ ਲਿਆ। ਪਰ ਰਾਜੇ ਨੇ ਮਾਲਕ ਦੀ ਹੁਕਮ ਅਦੂਲੀ ਕਰਨ ਤੋਂ ਇਨਕਾਰ ਕਰ ਦਿਤਾ। ਇਸ ਦ੍ਰਿੜ੍ਹਤਾ 'ਤੇ ਪ੍ਰਸੰਨ ਹੋ ਕੇ ਸਾਰੇ ਦੇਵਤੇ ਆ ਹਾਜ਼ਰ ਹੋਏ। ਧਰਮਰਾਜ ਨੇ ਚੰਡਾਲ ਦਾ ਰੂਪ ਧਾਰ ਕੇ ਹਰੀ ਚੰਦ ਨੂੰ ਮੁਕਤ ਕੀਤਾ। ਹਰੀ ਚੰਦ ਨੇ ਕਿਹਾ, ਮੈਂ ਆਪਣੀ ਪਰਜਾ ਸਮੇਤ ਸੁਰਗ ਨੂੰ ਜਾਵਾਂਗਾ। ਰੋਹਿਤ ਨੂੰ ਰਾਜ ਦੇ ਕੇ ਰਾਜਾ ਸਣੇ ਪਰਜਾ ਸੁਰਗਾਂ ਵਿਚ ਜਾ ਪਹੁੰਚਾ। ਨਾਰਦ ਨੇ ਰਾਜੇ ਨਾਲ ਛਲ ਖੇਡਿਆ। ਉਸ ਦੇ ਪ੍ਰੇਰੇ ਹੋਏ ਰਾਜੇ ਨੇ ਆਪਣੀ ਉਸਤਤ ਕੀਤੀ, ਜਿਸ ਕਰ ਕੇ ਉਹ ਸੁਰਗ ਵਿਚੋਂ ਥੱਲੇ ਧੱਕ ਦਿਤਾ ਗਿਆ। ਹੇਠਾਂ ਡਿਗਦੇ ਡਿਗਦੇ ਉਸ ਨੇ ਈਸ਼ਵਰ ਕੋਲੋਂ ਮਾਫ਼ੀ ਮੰਗੀ, ਤਾਂ ਰਸਤੇ ਵਿਚ ਓਥੇ ਹੀ ਅਟਕ ਗਿਆ। ਹੁਣ ਰਾਜਾ ਹਰੀ ਚੰਦ ਤੇ ਉਸ ਦੀ ਪਰਜਾ ਇਕ ਕਲਪਤ ਨਗਰ 'ਹਰਿਸ਼ਚੰਦ੍ਰ ਪੁਰ' ਵਿਚ ਵਸਦੀ ਹੈ। ਪੁਰਾਤਨ ਗ੍ਰੰਥਾਂ ਵਿਚ ਉਸ ਕਲਪਤ ਨਗਰ ਦੇ 'ਹਰਿਸ਼ਚੰਦ੍ਰ ਨਗਰ' 'ਸਭ ਨਗਰ', 'ਗੰਧਰਵ ਨਗਰ', 'ਹਰਿਚੰਦੌਰੀ', 'ਚਿਤ੍ਰਿਮ', 'ਸੀਕੋਟ' ਆਦਿ ਕਈ ਨਾਮ ਮੰਨੇ ਹਨ।

ਸੂਰਜ ਨਿਕਲਨ ਸਮੇਂ ਰੇਗਸਤਾਨ ਅੰਦਰ, ਜਾਂ ਸਮੁੰਦਰ ਦੇ

ਕਨਾਰੇ ਜੋ ਸੁੰਦਰ ਨਜ਼ਾਰੇ ਨਜ਼ਰ ਆਉਂਦੇ ਹਨ, ਉਸ ਨੂੰ 'ਹਰੀ ਚੰਦੌਰੀ' ਕਹਿੰਦੇ ਹਨ।

ਕਛ—ਕਛੂਕੁੰਮਾ—ਕਛ ਅਵਤਾਰ, ਹਿੰਦੂ ਮਤ ਦੇ ਵੱਡੇ ਦਸ ਅਵਤਾਰਾਂ ਵਿਚੋਂ ਇਕ। ਵੇਖੋ ਅਵਤਾਰ।

ਕਪਲ—ਕਪਿਲ—ਇਹ ਪ੍ਰਸਿੱਧ ਰਿਖੀ 'ਸਾਂਖਯ ਸ਼ਾਸਤ੍ਰ' ਦਾ ਕਰਤਾ ਹੈ, 'ਦੇਵਹੂਤਿ' ਦੇ ਪੇਟੋਂ ਇਹ 'ਕਰਦਮ' ਰਿਖੀ ਦਾ ਪੁੱਤਰ ਸੀ। 'ਭਾਗਵਤ' ਅਨੁਸਾਰ ਇਹ ਵਿਸ਼ਨੂੰ ਦਾ ਪੰਜਵਾਂ ਅਵਤਾਰ ਸੀ। ਪੁਰਾਣਾਂ ਵਿਚ ਇਸ ਬਾਰੇ ਬਹੁਤ ਕੁਛ ਲਿਖਿਆ ਹੈ।

ਰਾਜਾ 'ਬਾਹੁ' ਦਾ ਪੁੱਤਰ 'ਸਗਰ' ਅਯੁਧਿਆ ਦਾ ਸੂਰਜ-ਵੰਸ਼ੀ ਰਾਜਾ ਸੀ। 'ਹੈਹਯਾਂ' ਨੇ ਰਾਜਾ 'ਬਾਹੁ' ਦਾ ਰਾਜ ਖੁਹ ਲਿਆ ਸੀ। ਉਹ ਅਯੁਧਿਆ ਛੱਡ ਕੇ ਜੰਗਲ ਵਿਚ ਚਲਾ ਗਿਆ। ਰਾਜਾ 'ਬਾਹੁ' ਦੀ ਇਕ ਪਤਨੀ ਨੇ 'ਸਗਰ' ਦੀ ਮਾਂ ਨੂੰ ਜ਼ਹਿਰ ਦੇ ਦਿਤਾ। ਇਸ ਕਾਰਨ 'ਸਗਰ' ਸੱਤ ਸਾਲ ਮਾਂ ਦੇ ਪੇਟ ਵਿਚ ਰਿਹਾ। ਤੇ ਪਿਤਾ ਦੀ ਮੌਤ ਤੋਂ ਪਿਛੋਂ ਜਨਮਿਆਂ। 'ਔਰਵ' ਰਿਖੀ ਨੇ ਉਸ ਦਾ ਨਾਮ 'ਸਗਰ' ਰਖਿਆ। ਜਵਾਨ ਹੋ ਕੇ 'ਸਗਰ' ਨੇ 'ਹੈਹਯਾਂ' ਤੋਂ ਆਪਣਾ ਰਾਜ ਖੁਹ ਲਿਆ, ਤੇ ਪਿਤਾ ਦਾ ਬਦਲਾ ਲਿਆ। ਸਗਰ ਨੇ ਦੋ ਵਿਆਹ ਕਰਾਏ : ਇਕ 'ਕੱਸ਼ਯਪ' ਦੀ ਪੁੱਤਰੀ 'ਸੁਮਤਿ' ਨਾਲ ਤੇ ਇਕ ਰਾਜਾ 'ਵਿਦਰਭ' ਦੀ ਪੁੱਤਰੀ 'ਕੇਸ਼ਨੀ' ਨਾਲ। 'ਔਰਵ' ਦੇ ਵਰ ਨਾਲ 'ਕੇਸ਼ਨੀ' ਦੇ ਘਰ ਇਕ ਪੁੱਤਰ ਹੋਇਆ, ਤੇ 'ਸੁਮਤਿ' ਦੇ ਘਰ ਇਕੋ ਵਾਰ ਸੱਠ ਹਜ਼ਾਰ ਪੁੱਤਰ ਹੋਏ। ਸਗਰ ਨੇ ਅਸਮੇਧ ਜੱਗ ਰਚਿਆ। ਜੱਗ ਦੇ ਘੋੜੇ ਨੂੰ ਚੁਰਾ ਕੇ ਇੰਦਰ ਪਾਤਾਲ ਵਿਚ ਲੈ ਗਿਆ। ਸਗਰ ਦੇ ਪੁੱਤਰਾਂ ਨੇ ਪਾਤਾਲ ਤਕ

ਧਰਤੀ ਪੁਟ ਦਿਤੀ। ਅੱਗੇ 'ਕਪਲ ਮੁਨੀ' ਪਾਸ ਘੋੜਾ ਮਿਲਿਆ। ਸਗਰ ਦੇ ਪੁੱਤਰ ਮੁਨੀ ਨਾਲ ਝਗੜਨ ਲੱਗੇ, ਤਾਂ ਉਹਨੇ ਸਾਰੇ ਭਸਮ ਕਰ ਦਿਤੇ। ਸਗਰ ਦੇ ਪੋਤਰੇ 'ਅੰਸ਼ੁਮਾਨ' ਨੇ ਕਪਲ ਮੁਨੀ ਪਾਸੋਂ ਖਿਮਾ ਮੰਗੀ। ਅੰਸ਼ੁਮਾਨ ਦਾ ਪੁੱਤਰ ਦਲੀਪ ਤੇ ਦਲੀਪ ਦਾ ਪੁੱਤਰ 'ਭਗੀਰਥ' ਹੋਇਆ। ਭਗੀਰਥ ਨੇ ਸੁਰਗ ਵਿਚੋਂ ਗੰਗਾ ਲਿਆਂਦੀ, ਤਾਂ ਸਗਰ ਦੇ ਪੁੱਤਰਾਂ ਦੀ ਕਲਿਆਣ ਹੋਈ। ਭਗੀਰਥ ਦੇ ਕਾਰਨ ਹੀ ਗੰਗਾ ਨੂੰ 'ਭਗੀਰਥੀ' ਕਹਿੰਦੇ ਹਨ।

ਕਲਿ—ਕਲਿਜੁਗ।

ਕਵਲਾ—ਕਮਲਾ—ਕੌਲਾਂ—ਲਕਸ਼ਮੀ, ਵਿਸ਼ਨੂੰ ਦੀ ਪਤਨੀ। ਇਹ ਸਮੁੰਦਰ ਰਿੜਕਣ ਲੱਗਿਆਂ ਵਿਚੋਂ ਨਿਕਲੀ ਸੀ। ਇਹ ਚੌਦਾਂ ਰਤਨਾਂ ਵਿਚੋਂ ਇਕ ਰਤਨ ਹੈ।

ਕਾਹਨ—ਕ੍ਰਿਸ਼ਨ। ਇਸ ਦੇ ਗੁਣ ਵਾਚਕ ਕਈ ਨਾਮ ਹਨ। ਕਈ ਥਾਂਵਾਂ 'ਤੇ ਇਹ ਈਸ਼ਵਰ ਦੇ ਥਾਂ ਵੀ ਵਰਤਿਆ ਜਾਂਦਾ ਹੈ। ਪਰ ਜਿੱਥੇ ਕਾਹਨ ਕ੍ਰਿਸ਼ਨ ਜਾਦਵ ਸ਼ਬਦ ਨਾਲ ਆ ਜਾਂਦਾ ਹੈ, ਓਥੇ ਕੇਵਲ ਕ੍ਰਿਸ਼ਨ ਵਾਸਤੇ ਹੀ ਹੈ।

ਕਾਮਧੇਨ—ਪੁਰਾਣਾਂ ਅਨਸਾਰ ਇਕ ਸੁਰਗ ਦੀ ਕਲਪਤ ਗਊ, ਜਿਸ ਤੋਂ ਜੋ ਮੰਗੋ, ਉਹ ਦੇ ਸਕਦੀ ਹੈ। ਦੇਵਤਿਆਂ ਨੇ ਸਮੁੰਦਰ ਰਿੜਕ ਕੇ ਜੋ ਚੌਦਾਂ ਰਤਨ ਕਢੇ, ਇਹ ਉਹਨਾਂ ਵਿਚੋਂ ਇਕ ਹੈ।

ਕਾਲਜਮਨ—ਕਾਲਯਵਨ—'ਗੋਪਾਲੀ' ਅਪੱਛਰਾਂ ਦੇ ਪੇਟੋਂ 'ਗਾਰਗਯ' ਮੁਨੀ ਦਾ ਬੇਟਾ। ਇਹ ਕਾਲੇ ਰੰਗ ਦਾ ਯੂਨਾਨੀ ਰਾਜਾ, ਜਰਾਸੰਧ ਦਾ ਮਿੱਤਰ ਸੀ। ਕਾਲਜਮਨ ਨੇ ਕ੍ਰਿਸ਼ਨ ਉਤੇ ਹਮਲਾ ਕੀਤਾ। ਕ੍ਰਿਸ਼ਨ ਅੱਗੇ ਲੱਗ ਕੇ ਨੱਸ ਤੁਰਿਆ। ਉਹ ਪਹਾੜ ਦੀ ਉਸ

ਗਾਰ ਵਿਚ ਜਾ ਵੜਿਆ, ਜਿੱਥੇ 'ਮੁਚਕੁੰਦ' ਰਿਖੀ ਸੁੱਤਾ ਪਿਆ ਸੀ। ਕ੍ਰਿਸ਼ਨ ਆਪਣਾ ਬਸਤਰ 'ਮੁਚਕੁੰਦ' ਉਤੇ ਪਾ ਕੇ ਆਪ ਪਾਸੇ ਲੁਕ ਗਿਆ। ਕਾਲ਼ਜਮਨ ਨੇ ਮੁਚਕੁੰਦ ਨੂੰ ਕ੍ਰਿਸ਼ਨ ਸਮਝ ਕੇ ਲੱਤ ਕਢ ਮਾਰੀ। ਮੁਚਕੁੰਦ ਨੇ ਕ੍ਰੋਧ ਨਾਲ ਉਸ ਵੱਲ ਤਕਿਆ, ਤਾਂ ਕਾਲਜਮਨ ਭਸਮ ਹੋ ਗਿਆ।

**ਕਾਲਨੇਮ**—੧. ਰਾਵਣ ਦਾ ਮਾਮਾ, ਜੋ ਹਨੂਮਾਨ ਨੂੰ 'ਵਿਸ਼ਲਯਾ' ਬੂਟੀ ਲਿਆਉਣੋਂ ਰੋਕਦਾ ਸੀ। ਇਸ ਕਰ ਕੇ ਉਹ ਹਨੂਮਾਨ ਹੱਥੋਂ ਮਾਰਿਆ ਗਿਆ।

੨. ਇਕ ਦਾਨਵ (ਦੈਂਤ), ਜੋ 'ਹਿਰਨਯਕਸ਼ਿਪੁ' ਦਾ ਪੁੱਤਰ ਸੀ। ਉਸ ਦੇ ਸੌ ਹੱਥ ਤੇ ਸੌ ਮੂੰਹ ਸਨ। ਉਸ ਨੇ ਸੁਰਗ 'ਤੇ ਕਬਜ਼ਾ ਕਰਕੇ ਦੇਵਤੇ ਓਥੋਂ ਕਢ ਦਿਤੇ। ਅੰਤ ਵਿਸ਼ਨੂੰ ਨੇ ਉਸਨੂੰ ਮਾਰਿਆ। ਓਹਾ ਕਾਲਨੇਮ ਕੰਸ ਬਣ ਕੇ ਜਨਮਿਆਂ।

**ਕਾਲੀ**—ਕਾਲਿਕਾ, ਚੰਡੀ ਦੇਵੀ। ਇਹ ਖ਼ੂਨ ਪੀਣ ਵਾਲੀ ਮੰਨੀ ਜਾਂਦੀ ਹੈ।

**ਕਿੰਨਰ**—ਇਕ ਭੈੜੀ ਸ਼ਕਲ ਦਾ ਨਰ, ਜਿਸ ਦਾ ਧੜ ਮਨੁੱਖ ਦਾ ਤੇ ਮੂੰਹ ਘੋੜੇ ਦਾ ਮੰਨਿਆਂ ਜਾਂਦਾ ਹੈ। ਇਹ 'ਪੁਲਸਤਯ' ਰਿਖੀ ਦੀ ਔਲਾਦ ਮੰਨੇ ਜਾਂਦੇ ਹਨ। ਕੁਬੇਰ ਦੀ ਸਭਾ, ਜਾਂ ਸੁਰਗ ਵਿਚ ਜਦ ਗੰਧਰਵ ਗਾਉਂਦੇ ਹਨ, ਤਾਂ ਕਿੰਨਰ ਨਾਚ ਕਰਦੇ ਹਨ।

**ਕੁਬਜਾ**—ਕੰਸ ਦੀ ਇਕ ਦਾਸੀ। ਸ਼ਕਲ ਸੁੰਦਰ ਸੀ, ਪਰ ਲੱਕ ਦਾ ਕੁੱਬ ਨਿਕਲਿਆ ਹੋਇਆ ਸੀ। ਉਹ ਕੰਸ ਵਾਸਤੇ ਸੁਗੰਧੀ ਵਾਲਾ ਲੇਪ ਲਈ ਜਾ ਰਹੀ ਸੀ। ਕ੍ਰਿਸ਼ਨ ਨੇ ਉਸ ਤੋਂ ਲੇਪ ਮੰਗਿਆ। ਉਹਨੇ ਖ਼ੁਸ਼ੀ ਨਾਲ ਦੇ ਦਿਤਾ। ਕ੍ਰਿਸ਼ਨ ਨੇ ਖ਼ੁਸ਼ ਹੋ ਕੇ ਉਸ ਦੇ ਪੈਰ ਉਤੇ

ਪੈਰ ਧਰ ਕੇ ਤੇ ਠੋਡੀ ਤੋਂ ਫੜ ਕੇ ਉਤਾਂਹ ਚੁਕਿਆ, ਤਾਂ ਉਸ ਦਾ ਕੁੱਬ ਸਿੱਧਾ ਹੋ ਗਿਆ। ਇਸ ਦਇਆ ਕਾਰਨ ਉਹ ਕ੍ਰਿਸ਼ਨ ਦੀ ਉਪਾਸ਼ਕ ਬਣ ਗਈ।

ਕੁਰਾਨ—ਕੁਰਾਣ—ਕੁਰਆਨ—ਮੁਸਲਮਾਨਾਂ ਦੀ ਧਾਰਮਿਕ ਕਤਾਬ, ਜੋ ਖ਼ੁਦਾ ਵੱਲੋਂ ਫ਼ਰਿਸ਼ਤੇ ਰਾਹੀਂ ਹਜ਼ਰਤ ਮੁਹੰਮਦ ਨੂੰ ਇਲਹਾਮ ਹੋਈ। ਇਹ ਪੱਛਮੀ ਚਾਰ ਧਾਰਮਿਕ ਕਤਾਬਾਂ (ਤੌਰੇਤ, ਜ਼ਬੂਰ, ਅੰਜੀਲ, ਕੁਰਾਨ) ਵਿਚੋਂ ਆਖ਼ਰੀ ਹੈ। ਕੁਰਾਨ ਦੇ ਸਾਰੇ ਅੱਖਰ ੩੨੩੭੪੧, ਪਦ ੭੯੪੩੬, ਆਇਤਾਂ ੬੬੬੬, ਤੇ ਸੂਰਤਾਂ ੧੧੪ ਹਨ। ਮੁਸਲਮਾਨਾਂ ਵਾਸਤੇ ਇਸ ਦਾ ਹਰ ਹੁਕਮ ਮੰਨਣਾ ਲਾਜ਼ਮੀ ਹੈ। (ਮੇਰੀ ਨਿੱਜੀ ਰਾਏ ਹੈ, ਕਿ ਹਿੰਦੂ ਮਤ ਦੇ ਗ੍ਰੰਥਾਂ—ਵੇਦਾਂ, ਸ਼ਾਸਤਰਾਂ—ਵਾਂਗ, ਕੁਰਾਨ ਬਾਰੇ ਸੋਚਣ ਦੀ ਆਗਿਆ ਨਹੀਂ। ਕੋਈ ਆਪਣੀ ਰਾਏ ਨਹੀਂ ਦੇ ਸਕਦਾ।)

ਕੁਵਲੀਆ—ਕੰਸ ਦਾ ਮਸਤ ਬਲਵਾਨ ਹਾਥੀ, ਜਿਸ ਨੂੰ ਕ੍ਰਿਸ਼ਨ ਤੇ ਬਲਰਾਮ ਨੇ ਮਾਰਿਆ ਸੀ।

ਕੂਰਮ—ਕੱਛੂ ਕੁੰਮਾ, ਵਿਸ਼ਨੂੰ ਦਾ ਦੂਜਾ ਅਵਤਾਰ।

ਕੇਸਵ—ਸੁੰਦਰ ਕੇਸਾਂ ਵਾਲਾ, ਵਿਸ਼ਨੂੰ। ਈਸ਼ਵਰ।

ਕੇਸੀ—ਇਕ ਦੈਂਤ, ਜੋ ਕੰਸ ਦੇ ਹੁਕਮ ਨਾਲ ਘੋੜੇ ਦੀ ਸ਼ਕਲ ਬਣਾ ਕੇ ਕ੍ਰਿਸ਼ਨ ਨੂੰ ਮਾਰਨ ਆਇਆ। ਕ੍ਰਿਸ਼ਨ ਨੇ ਉਸ ਦੇ ਮੂੰਹ ਵਿਚ ਬਾਂਹ ਪਾ ਕੇ ਉਸ ਨੂੰ ਮਾਰ ਦਿਤਾ।

ਕੇਸੁ—ਵੇਖੋ ਕੇਸੀ।

ਕੈਰੋ—ਕੁਰੂਵੰਸੀ, 'ਧ੍ਰਿਤਰਾਸ਼ਟਰ' ਦੇ ਪੁੱਤਰ, 'ਦਰਜੋਧਨ' ਦੇ ਭਾਈ। ਜੋ ਪਾਂਡਵਾਂ ਨਾਲ ਲੜ ਕੇ ਨਾਸ ਹੋਏ।

ਕੰਸ—ਮਥਰਾ ਦਾ ਰਾਜਾ। ਇਹ ਰਾਜਾ ਉਗ੍ਰਸੈਨ ਦੀ ਪਤਨੀ ਦੇ ਪੇਟੋਂ 'ਦ੍ਰਮਲ' ਦੈਂਤ ਦਾ ਪੁੱਤਰ ਸੀ। ਮਗਧ ਦੇ ਰਾਜਾ ਜਰਾਸੰਧ ਦਾ ਜਵਾਈ ਸੀ ਕੰਸ। ਕੰਸ ਨੇ ਉਗ੍ਰਸੈਨ ਨੂੰ ਕੈਦ ਕਰ ਕੇ ਰਾਜ ਆਪ ਸੰਭਾਲ ਲਿਆ ਸੀ। ਕੰਸ ਦੀ ਭੈਣ ਦੇਵਕੀ, 'ਵਸੁਦੇਵ' ਯਾਦਵ ਨਾਲ ਵਿਆਹੀ ਹੋਈ ਸੀ। ਏਸੇ ਦੇਵਕੀ ਦਾ ਅੱਠਵਾਂ ਬੱਚਾ ਕ੍ਰਿਸ਼ਨ ਹੋਇਆ। ਧਨਖ ਯੱਗ ਵਿਚ ਕ੍ਰਿਸ਼ਨ ਨੇ ਕੰਸ ਨੂੰ ਕੇਸਾਂ ਤੋਂ ਫੜ ਕੇ ਪਟਕੱ ਮਾਰਿਆ, ਤੇ ਆਪਣੇ ਨਾਨੇ ਉਗ੍ਰਸੈਨ ਨੂੰ ਫਿਰ ਰਾਜ ਦਿਤਾ।

ਖਟ ਕਰਮ—ਛੇ ਕਰਮ—ਮਨੂ ਸਿਮਰਤੀ ਵਿਚ ਪੰਡਤ ਦੇ ਛੇ ਕਰਮ ਇਹ ਲਿਖੇ ਹਨ: ਪੜ੍ਹਨਾ, ਪੜ੍ਹਾਉਣਾ, ਯੱਗ ਕਰਨਾ, ਯੱਗ ਕਰਾਉਣਾ, ਦਾਨ ਦੇਣਾ, ਦਾਨ ਲੈਣਾ।

ਮਨੂ ਸਿਮਰਤੀ ਵਿਚ ਹੀ ਇਕ ਥਾਂ ਛੇ ਕਰਮ ਇਹ ਵੀ ਲਿਖੇ ਹਨ: ਵੇਦ ਦਾ ਅਭਿਆਸ, ਤਪ, ਗਿਆਨ, ਇੰਦ੍ਰਿਆਂ ਨੂੰ ਕਾਬੂ ਵਿਚ ਰੱਖਣਾ, ਅਹਿੰਸਾ, ਗੁਰੂ ਦੀ ਸੇਵਾ।

੨. ਤੰਤ੍ਰ ਸ਼ਾਸਤਰ ਅਨੁਸਾਰ ਛੇ ਕਰਮ ਇਹ ਹਨ: ਸ਼ਾਂਤੀ, ਵਸ਼ੀਕਰਣ, ਸਤੰਭਨ, ਵਿਦ੍ਵੇਸ਼ਣ, ਉਚਾਟਨ, ਮਾਰਣ।

੩. ਅਤਰੀ ਰਿਖੀ ਛੇ ਕਰਮ ਇਹ ਲਿਖਦਾ ਹੈ: ਜਪ, ਤਪ, ਤੀਰਥ ਯਾਤਰਾ, ਦੇਵਪੂਜਨ, ਮੰਤ੍ਰ ਸਾਧਨ, ਸਨਿਯਾਸ।

੪. ਪਾਰਾਸ਼ਰ ਸਿਮਰਤੀ ਵਿਚ ਛੇ ਕਰਮ ਇਹ ਮੰਨੇ ਹਨ: ਸੰਧਯਾ, ਸਨਾਨ (ਇਸ਼ਨਾਨ), ਜਪ, ਹਵਨ, ਵੇਦਪਾਠ, ਦੇਵ-ਪੂਜਨ।

੫. ਯੋਗਮਤ ਅਨੁਸਾਰ ਛੇ ਕਰਮ ਨਿਊਲੀ ਕਰਮ ਦੇ ਵੱਖ ਵੱਖ

ਢੰਗ ਹਨ।

ਖਟ ਚਕਰ—(ਖਟ=ਛੇ)—ਯੋਗੀਆਂ ਨੇ ਛੇ ਚਕਰ ਇਹ ਮੰਨੇ ਹਨ।

੧. ਗੁਦਾ ਮੰਡਲ ਦਾ ਮੂਲਾਧਾਰ ਚਕਰ, ਜਿਸ ਵਿਚ ਮੂਧੇ ਮੂੰਹ ਵਾਲਾ ਚਾਰ ਪੰਖੜੀ ਵਾਲਾ ਪੀਲਾ ਕਮਲ ਹੈ।

੨. ਸ੍ਵਾਧਿਸ਼ਠਾਨ ਚਕਰ, ਲਿੰਗ ਦੇ ਮੂਲ ਵਿਚ, ਛੇ ਪੰਖੜੀਆਂ ਵਾਲਾ ਲਾਲ ਰੰਗ ਦਾ ਕਮਲ ਹੈ' ਜਿਸ ਦਾ ਮੁਖ ਉਪਰ ਨੂੰ ਹੈ।

੩. ਮਣਿਪੁਰ ਚਕਰ—ਨਾਭੀ ਦੇ ਮੂਲ ਵਿਚ ਨੀਲੇ ਰੰਗ ਦਾ ਉਪਰ ਨੂੰ ਮੁਖ ਵਾਲਾ ਦਸ ਪੱਤੀਆਂ ਵਾਲਾ ਕਮਲ ਹੈ।

੪. ਅਨਾਹਤ ਚਕਰ—ਬਾਰਾਂ ਪੱਤੀਆਂ ਵਾਲਾ ਸੋਨੇ ਰੰਗਾ ਕਮਲ ਹਿਰਦੇ ਵਿਚ ਹੈ।

੫. ਵਿਸ਼ੁਧ ਚਕਰ—ਲਾਲ ਰੰਗ ਵਾਲਾ ਤੇ ਉਪਰ ਨੂੰ ਮੁਖ ਵਾਲਾ ਸੋਲਾਂ ਪੱਤੀਆਂ ਦਾ ਕਮਲ ਕੰਠ ਵਿਚ ਹੈ।

੬. ਆਗਿਯਾ ਚਕਰ—ਭੌਹਾਂ ਦੇ ਵਿਚਕਾਰ ਦੋ ਪੰਖੜੀਆਂ ਵਾਲਾ ਤੇ ਉਪਰ ਨੂੰ ਮੁਖ ਵਾਲਾ ਚਿੱਟਾ ਕਮਲ ਹੈ।

ਕੁਛ ਯੋਗੀ ਸੱਤਵਾਂ ਚਕਰ 'ਦਸਮ ਦਵਾਰ' ਵੀ ਮੰਨਦੇ ਹਨ, ਜਿਸ ਨੂੰ ਜੋਤੀ ਸਰੂਪ (ਈਸ਼ਵਰ) ਦਾ ਸਿੰਘਾਸਨ ਕਹਿੰਦੇ ਹਨ। ਇਹ ਹਜ਼ਾਰ ਪੰਖੜੀ ਵਾਲਾ ਸਫ਼ੇਦ ਕਮਲ ਹੈ।

ਖਟ ਦਰਸ਼ਨ—ਛੇ ਸ਼ਾਸਤਰ : ੧. ਪੂਰਵ ਮੀਮਾਂਸਾ, ਕਰਤਾ ਜੈਨ ਮੁਨੀ।

੨. ਵੈਸ਼ੇਸ਼ਿਕ, ਕਰਤਾ ਕਣਾਦਿ ਮੁਨੀ।

੩. ਨਯਾਇ (ਜਾਂ ਤਰਕ ਸੰਗ੍ਰਹਿ), ਕਰਤਾ ਗੋਤਮ ਰਿਖੀ।

੪. ਪਾਤੰਜਲ (ਯੋਗ ਦਰਸ਼ਨ), ਕਰਤਾ ਪਾਤੰਜਲ ਰਿਖੀ।

੫. ਸਾਂਖ, ਕਰਤਾ ਕਪਲ ਮੁਨੀ ।

੬. ਵੇਦਾਂਤ, ਕਰਤਾ ਵੇਦ ਵਿਆਸ ।

ਇਹਨਾਂ ਛੇ ਸ਼ਾਸਤਰਾਂ ਦੇ ਰਚਨਹਾਰਿਆਂ ਨੂੰ ਛੇ ਰਿਖੀ ਜਾਂ ਮੁਨੀ ਕਹਿੰਦੇ ਹਨ ।

ਖਾਣੀਆਂ—ਵੇਖੋ ਚਾਰ ਖਾਣੀਆਂ ।

ਖੰਡ—ਵੇਖੋ ਨੌਂ ਖੰਡ ।

ਗਜ—(ਹਾਥੀ)—ਦੇਵਲ ਰਿਖੀ ਦੇ ਸਰਾਪ ਨਾਲ ਇਕ ਗੰਧਰਵ ਹਾਥੀ ਬਣ ਗਿਆ ਸੀ। ਵਰਣ ਦੇ ਤਾਲਾਬ ਵਿਚ ਉਸਨੂੰ ਤੰਦੂਏ ਨੇ ਪਕੜ ਲਿਆ। ਡੁਬਣ ਲਗੇ ਹਾਥੀ ਨੇ ਪ੍ਰਭੂ ਅੱਗੇ ਅਰਦਾਸ ਕੀਤੀ, ਤਾਂ ਉਸਦੇ ਬੰਧਨ ਕੱਟੇ ਗਏ ।

ਗਣ—ਦੇਵਤਿਆਂ ਦੇ ਸੇਵਕ (ਨੌਕਰ), ਜਿਵੇਂ ਜਮ ਗਣ, ਸ਼ਿਵ ਗਣ ।

ਗਣੇਸ਼—ਦੇਵ ਗਣ ਦਾ ਸਵਾਮੀ ਦੇਵਤਾ । ਇਸ ਬਾਰੇ ਵੱਖ ਵੱਖ ਗ੍ਰੰਥਾਂ ਵਿਚ ਮਤਭੇਦ ਹੈ। ਬ੍ਰਹਮਵੈਵਰਤ ਪੁਰਾਣ ਅਨੁਸਾਰ, ਵਿਸ਼ਨੂ ਦੇ ਵਰ ਨਾਲ ਪਾਰਬਤੀ ਦੇ ਪੁੱਤਰ ਹੋਇਆ। ਸਾਰੇ ਦੇਵਤੇ ਬਾਲਕ ਨੂੰ ਵੇਖ ਕੇ ਬੜੇ ਪਰਸੰਨ ਹੋਏ। ਪਰ ਜਦ ਸ਼ਨੀ ਦੀ ਨਜ਼ਰ ਬਾਲਕ 'ਤੇ ਪਈ, ਤਾਂ ਉਹਦਾ ਸਿਰ ਉਡ ਗਿਆ। ਪਾਰਵਤੀ ਰੋਣ ਲੱਗ ਪਈ। ਵਿਸ਼ਨੂੰ ਨੇ ਹਾਥੀ ਦਾ ਸਿਰ ਵੱਢ ਕੇ ਬਾਲਕ ਦੇ ਧੜ ਨਾਲ ਜੋੜ ਦਿਤਾ, ਤੇ ਕਿਹਾ, 'ਸਭ ਕਾਰਜਾਂ ਵਿਚ ਇਸ ਦੀ ਪੂਜਾ ਹੋਵੇਗੀ'। ਨਾਮ ਉਸ ਦਾ ਗਣੇਸ਼ ਰਖਿਆ । ਗਣੇਸ਼ ਸ਼ਬਦ ਦਾ ਅਰਥ ਹੈ ਦੇਵ ਗਣ ਦਾ ਈਸ਼ਵਰ (ਸਵਾਮੀ) ।

ਇਕ ਕਥਾ ਇਉਂ ਵੀ ਹੈ : ਪਾਰਵਤੀ ਨੇ ਸਰੀਰ ਦੀ ਮੈਲ ਦਾ ਪੁਤਲਾ ਬਣਾ ਕੇ, ਦਰਵਾਜ਼ੇ ਉਤੇ ਪਹਿਰੇ 'ਤੇ ਬਿਠਾ ਦਿਤਾ ।

ਸ਼ਿਵ ਜੀ (ਪਾਰਵਤੀ ਦੇ ਪਤੀ) ਆਏ, ਤਾਂ ਉਸ ਬਾਲਕ ਨੇ ਸ਼ਿਵ ਜੀ ਨੂੰ ਅੰਦਰ ਜਾਣੋ ਰੋਕਿਆ। ਗੁੱਸੇ ਵਿਚ ਆ ਕੇ ਸ਼ਿਵ ਜੀ ਨੇ ਬਾਲਕ ਦਾ ਸਿਰ ਵੱਢ ਦਿਤਾ। ਪਾਰਵਤੀ ਰੋਣ ਲੱਗ ਪਈ, ਤਾਂ ਸ਼ਿਵ ਜੀ ਨੇ ਹਾਥੀ ਦਾ ਸਿਰ ਵਢ ਕੇ ਉਸ ਧੜ ਨਾਲ ਜੋੜ ਦਿਤਾ, ਤੇ ਨਾਮ ਗਣੇਸ਼ ਰੱਖਿਆ।

ਇਕ ਵਾਰ 'ਗਜਮੁਖ' (ਹਾਥੀ ਦੇ ਮੂੰਹ ਵਾਲਾ) ਦੈਂਤ ਨਾਲ ਗਣੇਸ਼ ਦਾ ਯੁੱਧ ਹੋਇਆ। ਗਣੇਸ਼ ਨੇ ਦੈਂਤ ਨੂੰ ਫੱਟੜ ਕਰ ਕੇ, ਉਸਦਾ ਚੂਹਾ ਬਣਾਂ ਲਿਆ। ਗਣੇਸ਼ ਉਸ ਚੂਹੇ ਉਤੇ ਅਸਵਾਰੀ ਕਰਦਾ ਹੈ।

'ਸਕੰਦ ਪੁਰਾਣ' ਵਿਚ ਇਸ ਦੀ ਕਥਾ ਇਉਂ ਹੈ : 'ਵਰੇਣਯ' ਰਾਜੇ ਦੇ ਘਰ ਰਾਣੀ 'ਪੁਸ਼ਪਕਾ' ਦੀ ਕੁੱਖੋਂ ਗਣੇਸ਼ ਜਨਮਿਆਂ। ਉਸਦੀ ਸ਼ਕਲ ਵੇਖ ਕੇ ਰਾਜਾ ਡਰ ਗਿਆ, ਤੇ ਗਣੇਸ਼ ਨੂੰ 'ਪਾਰਸ਼ੂ' ਮੁਨੀ ਦੇ ਆਸ਼ਰਮ ਪਾਸ ਸੁਟ ਆਇਆ। ਮੁਨੀ ਦੀ ਪਤਨੀ 'ਦੀਪਵਤਸਲਾ' ਨੇ ਉਸ ਨੂੰ ਪਾਲਿਆ। ਗਣੇਸ਼ ਦਾ ਜਨਮ ਭਾਦੋਂ ਸੁਦੀ ਚਾਰ ਨੂੰ ਮੰਨਦੇ ਹਨ। ਇਸੇ ਲਈ ਉਸ ਨੂੰ 'ਗਣੇਸ਼ ਚਤੁਰਥੀ' ਕਹਿੰਦੇ ਹਨ। ਪਰ ਮਾਘ ਸੁਦੀ ਚਾਰ ਨੂੰ ਵੀ 'ਗਣੇਸ਼ ਚਤੁਰਥੀ' ਕਹਿੰਦੇ ਹਨ।

ਗਨਕਾ—ਵੇਸਵਾ। ੧. ਗਨਕਾ ਪਿੰਗਲਾ। ਇਹ ਰਾਜਾ ਜਨਕ ਦੀ ਪੁਰੀ ਵਿਚ ਰਹਿੰਦੀ ਸੀ। ਕਿਸੇ ਪੁਰਸ਼ ਨਾਲ ਅੱਧੀ ਰਾਤ ਤਕ ਕੁਕਰਮ ਕਰਨ ਪਿਛੋਂ ਇਸ ਨੂੰ ਪਛਤਾਵਾ ਲੱਗਾ, ਕਿ ਜੇ ਏਹਾ ਸਮਾਂ ਮੈਂ ਈਸ਼ਵਰ ਭਗਤੀ ਵਿਚ ਬਿਤਾਉਂਦੀ, ਤਾਂ ਪਾਰ-ਉਤਾਰਾ ਹੋ ਜਾਂਦਾ। ਉਸੇ ਪਲ ਤੋਂ ਉਹ ਸਾਰੇ ਕੁਕਰਮ ਛੱਡ ਕੇ ਈਸ਼ਵਰ ਭਗਤੀ ਵਿਚ

ਲਗ ਗਈ, ਤੇ ਅੰਤ ਮੁਕਤ ਹੋ ਗਈ। ਏਸੇ 'ਗਨਕਾ' ਨੂੰ 'ਦੱਤਾ ਤ੍ਰੇਯ' ਨੇ ਗੁਰੂ ਮੰਨਿਆਂ ਸੀ।

੨. ਕਿਸੇ ਸਾਧੂ ਨੇ ਗਨਕਾ ਨੂੰ ਤੋਤਾ ਦੇ ਕੇ ਉਸ ਨੂੰ 'ਰਾਮ ਰਾਮ' ਕਹਿਣ ਦਾ ਉਪਦੇਸ਼ ਦਿਤਾ। ਤੋਤੇ ਨੂੰ ਪੜ੍ਹਾਉਂਦੀ ਹੋਈ ਉਹ ਆਪ ਭਗਤਣੀ ਬਣ ਗਈ।

ਗ੍ਰਹਿ—ਵੇਖੋ ਨੌਂ ਗ੍ਰਹਿ।

ਗਰੜ—ਇਹ 'ਵਿਨਤਾ' ਦੀ ਕੁੱਖੋਂ 'ਕੱਸ਼ਯਪ' ਦਾ ਪੁੱਤਰ ਹੈ। ਇਸ ਦਾ ਹੇਠਲਾ ਅੱਧਾ ਧੜ ਪੰਛੀ ਦਾ ਤੇ ਉਪਰਲਾ ਅੱਧਾ ਧੜ ਮਨੁੱਖ ਦਾ ਹੈ। ਇਹ ਪੰਛੀਆਂ ਦਾ ਰਾਜਾ ਮੰਨਿਆਂ ਜਾਂਦਾ ਹੈ। ਇਹ ਵਿਸ਼ਨੂੰ ਦੀ ਅਸਵਾਰੀ ਹੈ, ਪਰ ਵਿਸਨੂੰ ਦੀ ਧੁਜਾ (ਝੰਡਾ) ਉਤੇ ਵੀ ਗਰੜ ਦੀ ਮੂਰਤੀ ਹੈ।

ਗਾਇਤ੍ਰੀ—ਇਹ ਹਿਦੂ ਮਤ ਦਾ ਮਹਾਂ ਮੰਤਰ ਹੈ। ਵਿਚਾਰ ਹੈ, ਕਿ ਇਹ ਬਰਮਾ ਦੇ ਮੁੱਖ ਤੋਂ ਨਿਕਲੀ ਹੈ, ਤੇ ਇਸ ਦੇ ਤਿੰਨ ਪੈਰ ਹਨ। ਇਸ ਲਈ ਇਸ ਨੂੰ 'ਤ੍ਰਿਪਦਾ' ਵੀ ਕਿਹਾ ਜਾਂਦਾ ਹੈ। ਇਸ ਨੂੰ ਸਿਰਫ਼ ਬ੍ਰਹਿਮਣ, ਛੱਤਰੀ ਤੇ ਵੈਸ਼ਯ ਹੀ ਜਪ ਸਕਦੇ ਹਨ। ਸ਼ੂਦਰ ਦੀ ਮੌਜੂਦਗੀ ਵਿਚ ਇਸ ਦਾ ਉਚਾਰਣ ਨਹੀਂ ਕੀਤਾ ਜਾ ਸਕਦਾ।

ਗਾਇਤ੍ਰੀ 'ਰਿਗ ਵੇਦ' ਦਾ ਇਕ ਮੰਤਰ (੩—੬੨—੧੦) ਹੈ, ਜੋ 'ਵਿਸਵਾਮਿਤ੍ਰ' ਰਿਖੀ ਦੀ ਰਚਨਾ ਮੰਨਿਆਂ ਜਾਂਦਾ ਹੈ।

"तत्सवितुर्वरेण्य भर्गोदेवस्य धीमह धियो योनः प्रचोदयात"

ਅਰਥ : "ਜੋ ਸੂਰਜ ਦੇਵਤਾ ਸਭ ਨੂੰ ਜਿਵਾਉਂਦਾ ਹੈ, ਦੁੱਖਾਂ ਤੋਂ ਛੁਡਾਉਂਦਾਂ ਹੈ, ਪ੍ਰਕਾਸ਼ ਰੂਪ ਹੈ, ਵੇਨਤੀ ਕਰਨ ਯੋਗ ਹੈ, ਪਾਪ

ਨਾਸਿਕ ਹੈ, ਜੋ ਸਾਡੀਆਂ ਬੁੱਧੀਆਂ ਨੂੰ ਪ੍ਰੇਰਦਾ ਹੈ, ਉਸਦਾ ਅਸੀਂ ਧਿਆਨ ਕਰਦੇ ਹਾਂ।''

ਪਦਮ ਪੁਰਾਣ ਵਿਚ ਗਾਇਤ੍ਰੀ ਨੂੰ ਬ੍ਰਹਮਾ ਦੀ ਇਸਤਰੀ ਮੰਨਿਆਂ ਹੈ।

ਗਿਰਧਾਰੀ—ਗੋਵਰਧਨ ਗਿਰਿ (ਪਹਾੜ) ਨੂੰ ਉਠਾਉਣ ਵਾਲਾ, ਕ੍ਰਿਸ਼ਨ। ਸਾਰੇ ਪਰਬਤਾਂ ਦਾ ਮਾਲਕ ਈਸ਼ਵਰ।

ਗੀਤਾ—ਹਿੰਦੂ ਮੱਤ ਦਾ ਧਾਰਮਿਕ ਗ੍ਰੰਥ। ਕੌਰਵ ਪਾਂਡਵਾਂ ਦਾ ਯੁੱਧ ਆਰੰਭ ਹੋਣ ਸਮੇਂ ਕ੍ਰਿਸ਼ਨ ਜੀ ਨੇ ਅਰਜਨ ਨੂੰ ਜੋ ਉਪਦੇਸ਼ ਕੀਤਾ, ਉਸ ਦਾ ਨਾਮ 'ਗੀਤਾ' ਹੈ। ਵੇਦ ਵਿਆਸ ਜੀ ਦੀ ਰਚਨਾ ਇਹ ਕਰਮਕਾਂਡ ਦਾ ਮਹਾਨ ਗ੍ਰੰਥ ਹੈ। ਇਸਦੇ ਅਠਾਰਾਂ ਅਧਿਆਇ ਹਨ। ਆਕਾਰ ਵਿਚ ਇਹ ਛੋਟਾ ਹੀ ਹੈ।

ਗੁਣ—ਵੇਖੋ ਤਿੰਨ ਗੁਣ।

ਗੌਤਮ—ਇਹ ਜਨਕ ਦੇ ਪ੍ਰੋਹਤ 'ਸਤਾਨੰਦ' ਦਾ ਪਿਤਾ ਤੇ 'ਅਹੱਲਿਆ' ਦਾ ਪਤੀ ਸੀ। (ਵੇਖੋ ਅਹੱਲਿਆ)। ਵਾਲਮੀਕ ਕਾਂਡ ਵਿਚ ਲਿਖਿਆ ਹੈ, ਕਿ ਅਹੱਲਿਆ ਵੀ ਇੰਦਰ ਨੂੰ ਚਾਹੁੰਦੀ ਸੀ। ਏਸੇ ਵਾਸਤੇ ਉਹ ਸਰਾਪ ਦੀ ਭਾਗੀ ਬਣੀ।

ਗੋਪਾਲ—ਪ੍ਰਿਥਵੀ ਦੀ ਪਾਲਣਾ ਕਰਨ ਵਾਲਾ, ਈਸ਼ਵਰ। ੨. ਗਊਆਂ ਪਾਲਣ ਵਾਲਾ ਗੁਆਲਾ, ਗੋਪ।

ਗੋਪੀ ਚੰਦ—ਬੰਗਾਲ ਦੇ 'ਰੰਗਪੁਰ' (ਰੰਗਵਤੀ) ਦਾ ਰਾਜਾ। ਇਹ ਭਰਥਰੀ (ਹਰਿਭੂਰਤ੍ਰੀ) ਦੀ ਭੈਣ 'ਮੈਨਾਵੰਤੀ' ਦਾ ਪੁੱਤਰ ਸੀ। ਇਸਦੀ ਰਾਣੀ ਦਾ ਨਾਮ 'ਪਾਟਮਦੇਵੀ' ਸੀ। ਰਾਜ ਭਾਗ ਤਿਆਗ ਕੇ ਗੋਪੀ ਚੰਦ 'ਜਲੰਧਰ ਨਾਥ' ਜੋਗੀ ਦਾ ਚੇਲਾ ਬਣਿਆਂ। ੨. ਇਕ

ਜੋਗੀ, ਜਿਸ ਦੀ ਚਰਚਾ ਗੁਰੂ ਨਾਨਕ ਦੇਵ ਜੀ ਨਾਲ ਹੋਈ ਸੀ।

ਗੋਰਖ—ਗੋਰਖੁ—ਪ੍ਰਿਥਵੀ ਦਾ ਰਖਸ਼ਕ, ਈਸ਼ਵਰ। ੨. ਗੋਰਖ ਨਾਥ, ਜੋਗੀਆਂ ਦਾ ਆਚਾਰਯ। ਇਸ ਦਾ ਜਨਮ ਗੋਰੁਖ ਪੁਰ ਵਿਚ ਹੋਇਆ ਸੀ। ਕੁਛ ਗ੍ਰੰਥਾਂ ਵਿਚ ਇਸ ਨੂੰ ਮਛੇਂਦ੍ਰ (ਮਛੰਦਰ) ਦਾ ਪੁੱਤਰ ਤੇ ਚੇਲਾ ਲਿਖਿਆ ਹੈ। ਕੰਨਪਾਟੇ ਜੋਗੀਆਂ ਦਾ ਫ਼ਿਰਕਾ ਏਸੇ ਤੋਂ ਚੱਲਿਆ ਹੈ। ਗੋਰਖ ਨਾਥ ਦੀ ਗਿਣਤੀ 'ਨੌਂ ਨਾਥਾਂ' ਵਿਚ ਹੁੰਦੀ ਹੈ। ਵੇਖੋ ਨੌਂ ਨਾਥ।

ਗੋਵਿੰਦ—ਕ੍ਰਿਸ਼ਨ। ਈਸ਼ਵਰ।

ਗੰਗੇਵ ਪਿਤਾਮਹਿ—ਗੰਗਾ ਦਾ ਪੁੱਤਰ, 'ਭੀਸ਼ਮ ਪਿਤਾਮਹਿ'। ਇਹ ਕੌਰਵਾਂ ਪਾਂਡਵਾਂ ਦਾ ਦਾਦਾ ਸੀ।

ਗੰਧਰਬ—ਦੇਵਤਿਆਂ ਦੇ ਰਾਗੀ। 'ਅਥਰਵ ਵੇਦ' ਵਿਚ ਗੰਧਰਵਾਂ ਦੀ ਗਿਣਤੀ ੬੩੩੩ ਲਿਖੀ ਹੈ। ਇਹਨਾਂ ਵਿਚੋਂ ਅੱਠ ਪ੍ਰਧਾਨ ਮੰਨੇ ਗਏ ਹਨ: ਹਾਹਾ, ਹੂਹੂ, ਚਿਤ੍ਰਰਥ, ਹੰਸ, ਵਿਸ੍ਵਾਵਸੁ, ਗੋਮਾਯੁ, ਤੁੰਬਰੁ, ਤੇ ਨੰਦਿ। ਪੁਰਾਣਾਂ ਵਿਚ ਲਿਖਿਆ ਹੈ, ਕਿ 'ਦਕਸ਼' ਦੀਆਂ ਦੋ ਪੁਤਰੀਆਂ 'ਮੁਨਿ' ਤੇ 'ਪ੍ਰਧਾ' ਕੰਨਵ ਰਿਖੀ ਨੇ ਵਿਆਹੀਆਂ। ਉਹਨਾਂ ਦੀ ਅੰਸ ਗੰਧਰਵ ਹਨ। 'ਵਿਸ਼ਨੁ ਪੁਰਾਣ' ਅਨਸਾਰ ਗੰਧਰਵਾਂ ਦੀ ਉਤਪਤੀ ਬ੍ਰਹਮਾ ਤੋਂ ਹੈ। 'ਹਰਿਵੰਸ਼' ਅਨਸਾਰ 'ਅਰਿਸ਼ਟਾ' ਦੇ ਗਰਭ ਤੋਂ ਗੰਧਰਵ ਪੈਦਾ ਹੋਏ।

ਚਤੁਰਭੁਜ—ਚਾਰ ਬਾਹਾਂ ਵਾਲਾ, ਵਿਸ਼ਨੂੰ। ਈਸ਼ਵਰ।

ਚਰਪਟ—ਇਕ ਗੋਰਖਪੰਥੀ ਜੋਗੀ, ਜਿਸ ਦੀ ਚਰਚਾ ਗੁਰੂ ਨਾਨਕ ਦੇਵ ਜੀ ਨਾਲ ਹੋਈ।

ਚਾਂਡੂਰ—ਚੰਡੂਰ—ਚਾਣੂਰ—ਕੰਸ ਦਾ ਪ੍ਰਸਿੱਧ ਪਹਿਲਵਾਨ, ਜਿਸ ਨੂੰ

ਕ੍ਰਿਸ਼ਨ ਨੇ ਅਖਾੜੇ ਵਿਚ ਮਾਰਿਆ ।

ਚਾਰ ਅਵਸਥਾ—ਜਾਗ੍ਰਤ (ਜਦੋਂ ਮਨੁੱਖ ਜਾਗਦਾ ਹੋਵੇ), ਸੁਪਨ (ਜਦੋਂ ਨੀਂਦ ਵਿਚ ਸੁਪਨਾ ਦੇਖਦਾ ਹੋਵੇ), ਸਖੋਪਤ (ਜਦੋਂ ਗੂੜ੍ਹੀ ਨੀਂਦ ਵਿਚ ਸੁਪਨਾ ਵੀ ਨਾ ਆਵੇ), ਤੁਰੀਆ (ਗਿਆਨ ਦੀ ਅਵਸਥਾ)। ਪਹਿਲੀਆਂ ਤਿੰਨੇ ਸਰੀਰ ਦੀਆਂ ਅਵਸਥਾ ਹਨ ਤੇ ਚੋਥੀ ਅਵਸਥਾ ਮਨ ਦੀ ਹੈ। ਕਿਉਂਕਿ ਗਿਆਨ ਸਰੀਰ ਨੂੰ ਨਹੀਂ, ਮਨ ਨੂੰ ਹੁੰਦਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਸਰੀਰ ਦੀਆਂ ਤਿੰਨ ਅਵਸਥਾ ਇਹ ਵੀ ਫ਼ੁਰਮਾਈਆਂ ਹਨ : "ਬਾਲ, ਜੁਆਨੀ ਅਰੁ ਬਿਰਧ ਫੁਨਿ; ਤੀਨਿ ਅਵਸਥਾ ਜਾਂਨਿ ।"

ਚਾਰ ਆਸ਼ਰਮ—ਬ੍ਰਹਮਚਰਯ, ਗ੍ਰਹਿਸਤ, ਬਾਨ ਪ੍ਰਸਤ ਤੇ ਸੰਨਿਆਸੀ ।

ਚਾਰ ਕਤੇਬਾਂ—ਕਤਾਬਾਂ—ਪੱਛਮੀ ਧਰਮਾਂ ਦੀਆਂ ਚਾਰ ਪਵਿੱਤਰ ਕਤਾਬਾਂ: ਤੌਰੇਤ, ਜ਼ਬੂਰ, ਅੰਜੀਲ, ਕੁਰਾਨ।

ਚਾਰ ਖਾਣੀਆਂ—ਅੰਡਜ (ਆਂਡਿਆਂ ਤੋਂ ਪੈਦਾ ਹੋਣ ਵਾਲੇ), ਸੇਤਜ (ਮੁੜ੍ਹਕੇ ਤੋਂ ਪੈਦਾ ਹੋਣ ਵਾਲੇ), ਉਤਭੁਜ (ਧਰਤੀ ਤੋਂ ਪੈਦਾ ਹੋਣ ਵਾਲੀ ਹਰ ਤਰ੍ਹਾਂ ਦੀ ਬਨਸਪਤਿ)।

ਚਾਰ ਜੁੱਗ—ਯੁੱਗ—ਸਤਿਜੁਗ, ਤ੍ਰੇਤਾ, ਦੁਆਪਰ, ਕਲਿਜੁਗ । ਇਹਨਾਂ ਦੀ ਉਮਰ ਇਉਂ ਮੰਨੀ ਗਈ ਹੈ :—ਸਤਯੁਗ ਦੀ ਸਤਾਰਾਂ ਲੱਖ, ਅਠਾਈ ਹਜ਼ਾਰ ਸਾਲ । ਤ੍ਰੇਤਾ ਦੀ ਬਾਰਾਂ ਲੱਖ, ਛਿਆਨਵੇਂ ਹਜ਼ਾਰ ਸਾਲ, ਦੁਆਪਰ ਦੀ ਅੱਠ ਲੱਖ, ਚੌਹਠ ਹਜ਼ਾਰ ਸਾਲ, ਕਲਿਯੁਗ ਦੀ ਚਾਰ ਲੱਖ; ਬੱਤੀ ਹਜ਼ਾਰ ਸਾਲ ।

ਚਾਰ ਪਦਾਰਥ—ਧਰਮ, ਅਰਥ, ਕਾਮ (ਕਾਮਨਾ), ਮੋਖ (ਮੁਕਤੀ)।

ਚਾਰ ਬਾਣੀਆਂ—ਪਰਾ (ਮੂਲਾਧਾਰ ਵਿਚ ਰਹਿਣ ਵਾਲਾ ਸ਼ਬਦ), ਪਸ਼ਯੰਤੀ

(ਮੂਲਾਧਾਰ ਤੋਂ ਉਠ ਕੇ ਹਿਰਦੇ ਤਕ ਆਇਆ ਸ਼ਬਦ), ਮਧਯਮਾ (ਹਿਰਦੇ ਤੋਂ ਕੰਠ ਤਕ ਆਇਆ ਸ਼ਬਦ), ਵੈਖਰੀ—ਬੈਖਰੀ (ਮੁੱਖ ਤੋਂ ਉਚਾਰਣ ਹੋਇਆ ਸ਼ਬਦ)।

ਚਾਰ ਮੁਕਤੀਆਂ—੧. ਸ਼ਲੋਕ ਮੁਕਤੀ (ਭਗਤੀ ਕਰ ਕੇ ਈਸ਼ਵਰ ਲੋਕ ਵਿਚ ਪੁੱਜ ਜਾਣਾ), ੨. ਸਾਰੂਪ ਮੁਕਤੀ (ਈਸ਼ਵਰ ਦਾ ਰੂਪ ਹੋ ਜਾਣਾ), ੩. ਸਾਮੀਪ ਮੁਕਤੀ (ਹਰ ਸਮੇਂ ਈਸ਼ਵਰ ਦੇ ਪਾਸ ਰਹਿਣਾ), ੪. ਸਾਯੁਜਯ ਮੁਕਤੀ (ਈਸ਼ਵਰ ਵਿਚ ਅਭੇਦ ਹੋ ਜਾਣਾ)।

ਚਾਰ ਵਰਣ—ਬ੍ਰਹਿਮਣ, ਛੱਤ੍ਰੀ, ਵੈਸ਼, ਸੂਦ (ਸ਼ੂਦਰ)।

ਚਿਤ੍ਰ ਗੁਪਤ—ਧਰਮ ਰਾਜ ਦਾ ਮੁਣਸ਼ੀ, ਜੋ ਸਾਰੇ ਜੀਵਾਂ ਦੇ ਕਰਮ ਗੁਪਤ ਰੀਤੀ ਨਾਲ ਲਿਖਦਾ ਹੈ। ਸਕੰਦ ਪੁਰਾਣ ਅਨੁਸਾਰ, 'ਚਿਤ੍ਰ' ਨਾਮ ਦਾ ਰਾਜਾ ਹਿਸਾਬ ਵਿਚ ਬੜਾ ਨਿਪੁਣ ਸੀ। ਧਰਮਰਾਜ ਨੇ ਉਸ ਨੂੰ ਪਕੜ ਮੰਗਵਾਇਆ ਤੇ ਆਪਣੇ ਦਫ਼ਤਰ ਦਾ ਸਾਰਾ ਕੰਮ ਉਸ ਨੂੰ ਸੌਂਪ ਦਿਤਾ। ਭਵਿਸ਼ਯਤ ਪੁਰਾਣ ਅਨੁਸਾਰ ਬ੍ਰਹਮਾ ਸ੍ਰਿਸ਼ਟੀ ਸਾਜ ਕੇ ਧਿਆਨ ਮਗਨ ਹੋ ਗਿਆ, ਤਾਂ ਉਸ ਦੇ ਸਰੀਰ ਵਿਚੋਂ ਇਕ ਚਿਤ੍ਰ (ਰੰਗ ਬਰੰਗਾ) ਪੁਰਸ਼ ਪੈਦਾ ਹੋਇਆ। ਉਸ ਦੇ ਹੱਥ ਵਿਚ ਕਲਮ ਦਵਾਤ ਸੀ। ਬ੍ਰਹਮਾ ਨੇ ਉਸ ਦਾ ਨਾਮ 'ਕਾਯਸਥ' ਰਖਿਆ ਤੇ ਉਸ ਨੂੰ ਜੀਵਾਂ ਦੇ ਕਰਮ ਲਿਖਣ ਦਾ ਕੰਮ ਸੌਂਪਿਆ। ਕਾਯਸਥ ਲੋਕ ਆਪਣਾ ਵਡੇਰਾ ਓਸੇ ਨੂੰ ਮੰਨਦੇ ਹਨ।

ਚਿਰਜੀਵੀ—ਪੁਰਾਣਾਂ ਵਿਚ ਸੱਤ ਚਿਰਜੀਵੀ ਮੰਨੇ ਹਨ, ਜੋ ਪਰਲੈ(ਪਰਲੋ) ਤਕ ਨਹੀਂ ਮਰਦੇ। ਉਹ ਹਨ : ੧. ਮਾਰਕੰਡੇਯ, ੨. ਅਸ਼ਵਥਾਮਾ, ੩. ਬਲਿ, ੪. ਹਨੂਮਾਨ, ੫. ਵਿਭੀਸ਼ਣ, ੬. ਕਿਰਪਾਚਾਰਯ,

੭. ਪਰਸ਼ੁਰਾਮ। ਕਈ ਗ੍ਰੰਥਾਂ ਵਿਚ 'ਵਿਆਸ' ਨੂੰ ਅੱਠਵਾਂ ਚਿਰਜੀਵੀ ਮੰਨਿਆਂ ਹੈ।

ਚੌਦਾਂ ਭਵਨ—ਚੌਦਾਂ ਲੋਕ—ਸੱਤ ਆਕਾਸ, ਸੱਤ ਪਾਤਾਲ :—
ਭੂ, ਭੁਵ, ਸ੍ਵ:, ਮਹ:, ਜਨ:, ਤਪ: ਤੇ ਸਤਯ। (ਸੱਤ ਆਕਾਸ਼ ਹਨ) : ਅਤਲ, ਸੁਤਲ, ਵਿਤਲ, ਗਭਸਤੁਮਤ (ਤਲਾਤਲ), ਮਹਾਤਲ, ਰਸਾਤਲ ਤੇ ਪਾਤਾਲ। (ਸੱਤ ਪਾਤਾਲ ਹਨ)।

ਚੌਦਾਂ ਰਤਨ—ਪਰਾਣਾ ਅਨਸਾਰ ਖੀਰ ਸਮੁੰਦਰ ਰਿੜਕਣ 'ਤੇ ਹੇਠ ਲਿਖੇ ਚੌਦਾਂ ਰਤਨ ਨਿਕਲੇ : ੧. ਧਨ (ਸੋਨਾ, ਚਾਂਦੀ), ੨. ਧਨੰਤਰ ਵੈਦ (ਹਿਕਮਤ ਜਾਨਣ ਵਾਲਾ), ੩. ਧੇਨ (ਕਾਮਧੇਨ ਗਊ), ੪. ਘੋੜਾ, ੫. ਕਮਲਾ (ਮਾਇਆ, ਲਛਮੀ), ੬. ਸੰਖ, ੭. ਹਾਥੀ (ਹਯ), ੮. ਜ਼ਹਿਰ (ਵਿਹੁ), ੯. ਸ਼ਰਾਬ, ੧੦. ਮਣੀ (ਕੀਮਤੀ ਪੱਥਰ), ੧੧ ਕਲਪਤਰੂ (ਕਲਪ ਬਿਰਛ ਜਿਸ ਦੇ ਹੇਠ ਬੈਠ ਕੇ ਜੋ ਖ਼ਿਆਲ ਆਵੇ, ਪੂਰਾ ਹੋ ਜਾਂਦਾ ਹੈ), ੧੨. ਰੰਭਾ ਅਪੱਛਰਾਂ (ਸੁੰਦਰ ਇਸਤਰੀ) ੧੩. ਅੰਮ੍ਰਿਤ, ੧੪. ਚੰਦ।

"ਧਨ, ਧਧੰਤਰ, ਧੇਨ, ਹਯ, ਕਮਲਾ, ਸੰਖ, ਗਜਿੰਦ।
ਜ਼ਹਿਰ, ਸੁਰਾ, ਮਣਿ, ਕਲਪਤਰੁ, ਰੰਭਾ, ਅੰਮ੍ਰਿਤ, ਚੰਦ।"

ਚੰਦ੍ਰਾਇਣ ਵਰਤ—ਚੰਦ ਦੇ ਹਿਸਾਬ ਨਾਲ ਵਰਤ ਰੱਖਣਾ। ਸੁਦੀ ਏਕਮ ਨੂੰ ਇਕ ਗਰਾਸ (ਬੁਰਕੀ) ਖਾਵੇ। ਰੋਜ਼ ਇਕ ਗਰਾਸ ਦਾ ਵਾਧਾ ਕਰੇ। ਪੂਰਨਮਾਸ਼ੀ ਵਾਲੇ ਦਿਨ ਪੰਦਰਾਂ ਗਰਾਸ ਖਾਵੇ। ਫਿਰ ਇਕ ਇਕ ਗਰਾਸ (ਗਰਾਹੀ) ਘਟਾਉਂਦਾ ਜਾਵੇ। ਤੇ ਮੱਸਿਆ ਵਾਲੇ ਦਿਨ ਕੁਛ ਨਾ ਖਾਵੇ ਪੀਵੇ। ਹਿੰਦੂ ਗ੍ਰੰਥਾਂ ਅਨੁਸਾਰ ਇਸ ਤਰ੍ਹਾਂ ਸਾਰੇ ਪਾਪ ਮਿਟ ਜਾਂਦੇ ਹਨ।

ਚੰਦ੍ਰਹਾਸ—ਚੰਦ੍ਰਹਾਸੁ—ਮਹਾਭਾਰਤ ਅਨੁਸਾਰ, 'ਚੰਦ੍ਰਹਾਸ' ਅਜੇ ਬਾਲਕ ਹੀ ਸੀ, ਜਾਂ ਉਸਦੇ ਮਾਤਾ ਪਿਤਾ ਮਰ ਗਏ। ਰਾਜ ਉਸਦੇ ਮੰਤ੍ਰੀ 'ਧ੍ਰਿਸ਼ਟਬੁਧੀ' ਨੇ ਸੰਭਾਲ ਲਿਆ। ਧ੍ਰਿਸ਼ਟਬੁਧੀ ਨੇ ਚੰਦ੍ਰਹਾਸ ਨੂੰ ਮਾਰਨ ਦੇ ਕਈ ਯਤਨ ਕੀਤੇ। ਇਕ ਦਿਨ ਧ੍ਰਿਸ਼ਟਬੁਧੀ ਨੇ ਚੰਦ੍ਰਹਾਸ ਨੂੰ ਇਕ ਚਿੱਠੀ ਦੇ ਕੇ ਆਪਣੇ ਪੁੱਤਰ 'ਮਦਨ' ਵੱਲ ਭੇਜਿਆ। ਮਦਨ ਦੇ ਬਾਗ਼ ਵਿਚ ਪਹੁੰਚ ਕੇ ਚੰਦ੍ਰਹਾਸ ਥਕੇਵਾਂ ਲਾਹੁਣ ਵਾਸਤੇ ਸੌਂ ਗਿਆ। ਮਦਨ ਦੀ ਭੈਣ ਦਾ ਨਾਮ 'ਵਿਸ਼ਯਾ' ਸੀ। ਉਹ ਸੁੱਤੇ ਪਏ ਚੰਦ੍ਰਹਾਸ ਨੂੰ ਵੇਖ ਕੇ ਉਸ ਉਤੇ ਮੋਹਤ ਹੋ ਗਈ। ਉਸ ਨੇ ਚੰਦ੍ਰਹਾਸ ਦੇ ਪੱਲੇ ਬੱਧੀ ਚਿੱਠੀ ਪੜ੍ਹੀ, ਤਾਂ ਉਸ ਨੇ 'ਵਿਸ਼' ਦੀ ਥਾਂ ਸ਼ਬਦ 'ਵਿਸ਼ਯਾ' ਕਰ ਦਿਤਾ। ਮਦਨ ਨੇ ਉਹ ਚਿੱਠੀ ਪੜ੍ਹ ਕੇ 'ਵਿਸ਼ਯਾ' ਦਾ ਵਿਆਹ ਚੰਦ੍ਰਹਾਸ ਨਾਲ ਕਰ ਦਿਤਾ। ਧ੍ਰਿਸ਼ਟਬੁਧੀ ਨੂੰ ਖ਼ਬਰ ਪੁੱਜੀ, ਤਾਂ ਉਹ ਬਹੁਤ ਗੁੱਸੇ ਹੋਇਆ। ਉਸ ਨੇ ਚੰਡਾਲਾਂ ਨੂੰ ਧਨ ਦੇ ਕੇ ਕਿਹਾ, ਕਿ ਸਵੇਰੇ ਦੇਵ ਮੰਦਰ ਵਿਚ ਪੂਜਾ ਕਰਨ ਗਏ ਚੰਦ੍ਰਹਾਸ ਦਾ ਸਿਰ ਕੱਟ ਦਿਤਾ ਜਾਵੇ। ਕੁਦਰਤ ਦੇ ਰੰਗ, ਅਗਲੇ ਦਿਨ ਸਭ ਤੋਂ ਪਹਿਲਾਂ ਮਦਨ ਮੰਦਰ ਵਿਚ ਜਾ ਪੁੱਜਾ। ਚੰਡਾਲਾਂ ਨੇ ਮਦਨ ਨੂੰ ਕਤਲ ਕਰ ਦਿਤਾ। ਇਸ ਤਰ੍ਹਾਂ ਧ੍ਰਿਸ਼ਟਬੁਧੀ ਨੂੰ ਕੀਤੇ ਦਾ ਫਲ ਮਿਲਿਆ, ਤੇ ਚੰਦ੍ਰਹਾਸ ਤਖ਼ਤ ਦਾ ਮਾਲਕ ਬਣਿਆਂ।

ਛੇ ਕਰਮ—ਵੇਖੋ ਖਟ ਕਰਮ।

ਛੇ ਘਰ—ਵੇਖੋ ਖਟ ਦਰਸ਼ਨ।

ਛੇ ਚਕਰ—ਵੇਖੋ ਖਟ ਚਕਰ।

ਛੇ ਜਤੀ—੧ ਗੋਰਖ, ੨ ਦੱਤ, ੩ ਹਨੂਮਾਨ (ਹਨਵੰਤ), ੪ ਭੈਰੋਂ,

੫ ਲਛਮਣ, ੬ ਭੀਸ਼ਮ ।

ਛੇ ਰਿਖੀ—ਛੇ ਮੁਨੀ, ਛੇ ਸ਼ਾਸਤਰਾਂ ਦੇ ਰਚਨਹਾਰ : ਜੈਨ ਮੁਨੀ, ਕਣਾਦਿ ਮੁਨੀ, ਗੌਤਮ ਰਿਖੀ, ਪਾਤੰਜਲ ਰਿਖੀ, ਕਪਲ ਮੁਨੀ, ਵੇਦ ਵਿਆਸ। ਵੇਖੋ ਖਟ ਦਰਸ਼ਨ ।

ਜਸਰਥ—ਦਸ਼ਰਥ—ਭਗਵਾਨ ਰਾਮ ਚੰਦਰ ਦਾ ਪਿਤਾ ।

ਜਸੁਧਾ—ਜਸੋਧਾਂ—ਨੰਦ ਗੋਪ (ਗਵਾਲਾ) ਦੀ ਪਤਨੀ, ਜਿਸ ਨੇ ਕ੍ਰਿਸ਼ਨ ਨੂੰ ਪਾਲਿਆ ਸੀ ।

ਜੱਖ=ਜਖਯ—ਜੱਛ, ਯਕ਼ਸ਼—ਦੇਵਤਿਆਂ ਦੀ ਇਕ ਜਾਤੀ, ਜੋ ਕੁਬੇਰ ਦੀ ਸੇਵਾ ਵਿਚ ਰਹਿੰਦੇ ਹਨ ।

ਜਗੰਨਾਥ—ਕ੍ਰਿਸ਼ਨ ਦੀ ਇਕ ਖ਼ਾਸ ਮੂਰਤੀ। ਉੜੀਸਾ ਦੇ ਜ਼ਿਲਾ ਕਟਕ ਵਿਚ ਸਮੁੰਦਰ ਦੇ ਕਨਾਰੇ 'ਜਗੰਨਾਥ ਪੁਰੀ' ਹੈ, ਜਿਥੇ ਉਸ ਦੀ ਬਹੁਤ ਮਾਨਤਾ ਹੈ। ਹਾੜ ਸੁਦੀ ਦੋ ਨੂੰ ਸੋਲਾਂ ਪਹੀਆਂ ਵਾਲੇ ਰਥ ਵਿਚ ਇਸ ਮੂਰਤੀ ਨੂੰ ਬਿਠਾ ਕੇ ਭਗਤਜਨ ਖਿਚ ਕੇ ਲੈ ਜਾਂਦੇ ਹਨ। ਇਸ ਉਤਸਵ ਨੂੰ 'ਰਥ ਯਾਤਰਾ' ਕਹਿੰਦੇ ਹਨ। ਪੁਰਾਣੇ ਸਮੇਂ ਅੰਧ-ਵਿਸ਼ਵਾਸੀ ਲੋਕ ਰਥ ਦੇ ਪਹੀਏ ਥੱਲੇ ਆ ਕੇ ਮਰਨ ਨੂੰ ਮੁਕਤੀ ਦਾ ਸਾਧਨ ਮੰਨਦੇ ਸਨ ।

ਇਸ ਦੇ ਨਾਲ ਦੋ ਰਥ ਹੋਰ ਹੁੰਦੇ ਹਨ : ਬਲਰਾਮ ਦਾ ਚੌਦਾਂ ਪਹੀਆਂ ਵਾਲਾ, ਤੇ ਭਦ੍ਰਾ ਦਾ ਬਾਰਾਂ ਪਹੀਆਂ ਵਾਲਾ ।

ਜਤੀ ਛੇ—ਵੇਖੋ ਛੇ ਜਤੀ।

ਜਨਕ—ਜਨਕੁ—ਮਿਥਲਾ ਦੇ ਰਾਜਿਆਂ ਦਾ ਲਕਬ 'ਜਨਕ' ਪ੍ਰਸਿੱਧ ਸੀ। ਵਾਲਮੀਕ ਕਾਂਡ ੧ ਵਿਚ ਇਸ ਵੰਸ਼ ਦਾ ਵੇਰਵਾ ਇਉਂ ਹੈ : ਮਿਥਲਾ ਦਾ ਪਹਿਲਾ ਰਾਜਾ 'ਨਿਮਿ' ਹੋਇਆ। ਅੱਗੇ 'ਨਿਮਿ' ਦਾ

ਪੁੱਤਰ 'ਮਿਥਿ' ਤੇ 'ਮਿਥਿ' ਦਾ 'ਜਨਕ' ਹੋਇਆ। ਏਸੇ ਜਨਕ ਤੋਂ ਸਾਰੀ ਬੰਸ ਦਾ ਨਾਮ 'ਜਨਕ' ਪੈ ਗਿਆ। ਇਸ ਜਨਕ ਦਾ ਪੁੱਤਰ 'ਉਦਾਵਸ', ਉਸਦਾ ਅੱਗੇ 'ਨੰਦਿਵਰਧਨ', ਉਸ ਦਾ 'ਸੁਕੇਤੁ', ਉਸ ਦਾ 'ਦੇਵਰਾਤ'। ਇਸ ਕੋਲ ਸ਼ਿਵ ਨੇ ਧਨਖ ਰਖਿਆ ਸੀ। ਦੇਵਰਾਤ ਦਾ 'ਬ੍ਰਹਦ੍ਰਥ' ਹੋਇਆ। ਉਸ ਦਾ 'ਮਹਾਵੀਰ'। ਉਸ ਦਾ 'ਸੁਧ੍ਰਿਤਮਾਨ' ਉਸ ਦਾ 'ਧ੍ਰਿਸ਼ਟਕੇਤ', ਉਸਦਾ 'ਹਰਿਯਸ਼੍ਵ', ਉਸਦਾ 'ਮਰੁ', ਉਸਦਾ 'ਪ੍ਰਤੀਂਧਕ', ਉਸਦਾ 'ਕੀਰਤਿਰਥ', ਉਸ ਦਾ 'ਦੇਵਮੀਢ', ਉਸਦਾ 'ਵਿਬੁਧ', ਉਸ ਦਾ 'ਮਹੀਧ੍ਰਕ', ਉਸ ਦਾ 'ਕੀਰਤਿਰਾਤ', ਉਸ ਦਾ 'ਮਹਾਰੋਮਾ', ਉਸ ਦਾ 'ਸ੍ਵਰਣਰੋਮਾ', ਉਸ ਦਾ 'ਹ੍ਰਸ਼੍ਵਰੋਮਾ' ਹੋਇਆ। ਹ੍ਰਸ਼੍ਵਰੋਮਾ ਦੇ ਅੱਗੇ ਦੋ ਪੁੱਤਰ ਹੋਏ: 'ਸੀਰਧ੍ਵਜ' ਤੇ 'ਕੁਸ਼ਧ੍ਵਜ'। 'ਸੀਰਧ੍ਵਜ' ਰਾਮ ਤੇ ਲਛਮਣ ਦਾ ਸਹੁਰਾ ਸੀ, ਤੇ 'ਕੁਸ਼ਧ੍ਵਜ' ਭਰਤ ਤੇ ਸ਼ਤ੍ਰਘਨ ਦਾ ਸਹੁਰਾ ਸੀ। ਇਸ ਬੰਸ ਦੀ ਅੱਲ 'ਜਨਕ' ਪ੍ਰਸਿੱਧ ਸੀ। ਇਸ ਲਈ 'ਸੀਰਧ੍ਵਜ' ਨੂੰ ਵੀ 'ਜਨਕ' ਕਿਹਾ ਜਾਂਦਾ ਸੀ। ਜਿਸ ਦੀ ਪੁੱਤਰੀ 'ਸੀਤਾ' ਰਾਮ ਚੰਦਰ ਦੀ ਪਤਨੀ ਬਣੀ।

ਜਨਮੇਜਾ—ਇਹ ਅਰਜਨ ਪਾਂਡਵ ਦੀ ਬੰਸ ਵਿਚੋਂ ਹੈ। ਅਰਜਨ ਦਾ 'ਅਭਿਮੰਨੂੰ', ਅਭਿਮੰਨੂ ਦਾ 'ਪਰੀਛਤ', ਪਰੀਛਤ ਦਾ 'ਜਨਮੇਜਾ' ਹੋਇਆ। ਪਰੀਛਤ ਦੀ ਮੌਤ ਤੱਸ਼ਕ (ਸੱਪ) ਦੇ ਡੰਗਣ ਨਾਲ ਹੋਈ ਸੀ। ਇਸ ਵਾਸਤੇ ਜਨਮੇਜਾ ਸੱਪਾਂ ਦਾ ਵੈਰੀ ਬਣ ਗਿਆ। ਉਸ ਨੇ ਪਿਤਾ ਦਾ ਬਦਲਾ ਲੈਣ ਵਾਸਤੇ 'ਸਰਪਮੇਧ' ਯੱਗ ਆਰੰਭਿਆ, ਜਿਸ ਵਿਚ ਬੇਅੰਤ ਸੱਪ ਭਸਮ ਹੋ ਗਏ। ਅੰਤ 'ਆਸਤੀਕ' ਰਿਖੀ ਦਾ ਹੁਕਮ ਮੰਨ ਕੇ ਜਨਮੇਜੇ ਨੇ ਯੱਗ ਛਡ ਦਿਤਾ, ਤੇ 'ਤੱਸ਼ਕ' ਦੀ ਜਾਨ ਬਖ਼ਸ਼ੀ।

ਜਮਦਗਨ—ਭ੍ਰਿਗੁ ਵੰਸ਼ ਵਿਚੋਂ ਇਕ ਬ੍ਰਹਿਮਣ। ਇਸ ਦਾ ਪਿਤਾ 'ਰਿਚੀਕ' ਤੇ ਮਾਤਾ 'ਸਤਯਵਤੀ' ਰਾਜਾ ਗਾਂਧੀ ਦੀ ਪੁੱਤਰੀ ਸੀ। 'ਰਿਚੀਕ' ਨੇ ਦੋ ਭੋਜਨ ਤਿਆਰ ਕੀਤੇ। ਇਕ ਭੋਜਨ 'ਸਤਯਵਤੀ' ਵਾਸਤੇ ਸੀ ਕਿ ਉਹ ਵਿੱਦਿਵਾਨ ਪੰਡਿਤ ਪੈਦਾ ਕਰੇ। ਦੂਸਰਾ ਸਤਯਵਤੀ ਦੀ ਮਾਂ ਵਾਸਤੇ ਸੀ, ਤਾਂ ਕਿ ਉਹ ਜੋਧਾ ਪੁੱਤਰ ਪੈਦਾ ਕਰੇ। ਮੋਹ ਵੱਸ ਮਾਂਵਾਂ ਧੀਆਂ ਨੇ ਭੋਜਨ ਵਟਾ ਲਏ। ਸੋ ਸਤਯਵਤੀ ਦੇ ਘਰ 'ਜਮਦਗਨ' ਜੰਮਿਆਂ, ਤੇ ਗਾਂਧੀ ਛੱਤਰੀ ਦਾ ਪੁੱਤਰ 'ਵਿਸਵਾ ਮਿੱਤਰ' (ਮਹਾਨ ਵਿੱਦਿਵਾਨ ਪੰਡਿਤ) ਹੋਇਆ।

ਜਮਦਗਨ ਨੇ 'ਰੇਣਕਾ' ਨਾਲ ਵਿਆਹ ਕੀਤਾ, ਜਿਸ ਦੀ ਮਾਤਾ ਦਾ ਨਾਮ 'ਰੇਣੂ' ਤੇ ਪਿਤਾ 'ਪ੍ਰਸੇਨਜਿਤ' ਸੀ। ਰੇਣਕਾ ਵਿਚੋਂ ਜਮਦਗਨ ਦੇ ਘਰ ਪੰਜ ਪੁੱਤਰ : ਰੁਮਨਵਾਨ, ਸੁਸੇਣ, ਵਹੁ, ਵਿਸ਼ਵਾਵਹੁ, ਤੇ ਪਰਸੁਰਾਮ ਹੋਏ। (ਵਿਸ਼ਨੂੰ ਪੁਰਾਣ ਤੇ ਮਹਾਭਾਰਤ)।

ਜਰਾਸੰਧ—ਚੰਡਕੋਸ਼ਕ ਰਿਖੀ ਨੇ ਰਾਜਾ 'ਬ੍ਰਿਹਦ੍ਰਥ' ਨੂੰ ਇਕ ਫਲ ਦਿਤਾ। ਰਾਜੇ ਨੇ ਉਹ ਫਲ ਦੋਹਾਂ ਰਾਣੀਆਂ ਨੂੰ ਵੰਡ ਦਿਤਾ। ਸਮੇਂ ਸਿਰ ਦੋਹਾਂ ਰਾਣੀਆਂ ਦੇ ਘਰ ਅੱਧਾ ਅੱਧਾ ਬਾਲਕ ਜਨਮਿਆਂ। ਰਾਣੀਆਂ ਨੇ ਉਹ ਬਾਹਰ ਸੁਟਵਾ ਦਿਤਾ। 'ਜਰਾ' ਰਾਕਸ਼ਣੀ ਨੇ ਦੋਵੇਂ ਟੁਕੜੇ ਜੋੜ ਕੇ ਬਾਲਕ ਜ਼ਿੰਦਾ ਕਰ ਦਿਤਾ। ਇਸ ਤੋਂ ਉਸ ਦਾ ਨਾਮ 'ਜਰਾਸੰਧ' ਪੈ ਗਿਆ। ਜਰਾਸੰਧ ਕੰਸ ਦਾ ਸਹੁਰਾ ਤੇ ਕ੍ਰਿਸ਼ਨ ਦਾ ਪੱਕਾ ਵੈਰੀ ਸੀ। ਦਵੰਦਵ ਯੁੱਧ ਵਿਚ ਜਰਾਸੰਧ ਭੀਮ ਦੇ ਹੱਥੋਂ ਮਰਿਆ।

ਜਾਦਵ—ਯਾਦਵ—'ਨਹੁਸ਼' ਦਾ ਪੁੱਤਰ 'ਯਯਾਤੀ' ਪੰਜਵਾਂ ਚੰਦ੍ਰਵੰਸ਼ੀ ਰਾਜਾ ਸੀ। ਇਸ ਦੀਆਂ ਦੋ ਇਸਤਰੀਆਂ ਸਨ : 'ਦੇਵਯਾਨੀ' ਤੇ

'ਸਰਮਿਸ਼ਠਾ'। ਇਹਨਾਂ ਵਿਚੋਂ 'ਯਦੁ' ਤੇ 'ਪੁਰੁ' ਦੋ ਪੁੱਤਰ ਹੋਏ। 'ਯਦੁ' ਦੀ ਵੰਸ਼ 'ਯਾਦਵ' ਤੇ 'ਪੁਰੁ' ਦੀ ਵੰਸ਼ 'ਪੁਰੁ' (ਯਾਦੁਵੰਸ਼ ਤੇ ਪੁਰੁਵੰਸ਼) ਅਖਵਾਈ। ਯਾਦਵ ਵੰਸ਼ ਵਿਚੋਂ 'ਕ੍ਰਿਸ਼ਨ' ਜੀ ਹੋਏ ਹਨ, ਜਿੰਨ੍ਹਾਂ ਦੀ ਰਾਜਧਾਨੀ ਪਹਿਲਾਂ 'ਮਥੁਰਾ' ਤੇ ਫਿਰ 'ਦਵਾਰਕਾ' ਰਹੀ। ਵਿਜਯ ਨਗਰ ਦੇ ਰਾਜੇ ਆਪਣੇ ਆਪ ਨੂੰ ਯਾਦਵ ਕੁਲ ਦੇ ਸਿਰਤਾਜ ਸਮਝਦੇ ਹਨ।

ਜੁੱਗ—ਯੁੱਗ ਚਾਰ। ਵੇਖੋ ਚਾਰ ਜੁੱਗ।

ਜੋਗ=ਯੋਗ—'ਪਤੰਜਲ' ਰਿਖੀ ਦਾ ਦੱਸਿਆ ਹੋਇਆ ਮਨ ਨੂੰ ਟਿਕਾਉਣ ਦਾ ਢੰਗ। ਇਸ ਦੇ ਦੋ ਮੁੱਖ ਭੇਦ ਹਨ: ਹਠ ਯੋਗ ਤੇ ਸਹਿਜ ਯੋਗ।

ਜੋਗੀਆਂ ਦੇ ਅੱਗੇ ਬਾਰਾਂ ਫ਼ਿਰਕੇ ਹਨ: ਹੇਤੁ, ਪਾਵ, ਆਈ, ਗਮਯ, ਪਾਗਲ, ਗੋਪਾਲ, ਕੰਥੜੀ, ਬਨ, ਧ੍ਰਜ, ਚੋਲੀ, ਰਾਵਲ ਤੇ ਦਾਸ।

ਏਸੇ ਤਰ੍ਹਾਂ ਸੰਨਿਆਸੀਆਂ ਦੇ ਦਸ ਫ਼ਿਰਕੇ ਹਨ: ਤੀਰਥ, ਆਸ਼ਰਮ, ਵਨ, ਅਰਣਯ, ਗਿਰਿ, ਪਰਵਤ, ਸਾਗਰ, ਸਰਸ੍ਵਤੀ, ਭਾਰਤੀ ਤੇ ਪੁਰੀ।

ਤੱਤ ਪੰਜ—ਵੇਖੋ ਪੰਜ ਤੱਤ।

ਤਿੰਨ ਗੁਣ—ਸਤੋ ਗੁਣ, ਰਜੋ ਗੁਣ, ਤਮੋ ਗੁਣ।

ਤਿੰਨ ਤਾਪ—ਆਧਿ (ਚਿੰਤਾ ਕਾਰਨ), ਬਿਆਧਿ (ਸਰੀਰਕ ਰੋਗ), ਉਪਾਧਿ (ਕਰਮਾਂ ਕਰ ਕੇ ਮਾਨਸਿਕ ਰੋਗ)।

ਤਿੰਨ ਨਾੜੀਆਂ—ਸੁਖਮਨਾ, ਇੜਾ, ਪਿੰਗਲਾ। ਯੋਗੀਆਂ ਦੀਆਂ ਮਿਥੀਆਂ ਹੋਈਆਂ ਇਹ ਤਿਨ ਨਾੜੀਆਂ। ਸੁਖਮਨਾ: ਇਹ ਨੱਕ ਦੇ ਮੂਲ ਤੋਂ

ਦਮਾਗ਼ ਤਕ ਜਾਂਦੀ ਹੈ। ਇਸ ਦੇ ਸੱਜੇ ਪਾਸੇ ਪਿੰਗਲਾ ਤੇ ਖੱਬੇ ਪਾਸੇ ਇੜਾ ਹੈ। ਇਹਨਾਂ ਰਾਹੀਂ ਯੋਗੀ ਪ੍ਰਾਣਾਯਾਮ ਕਰਦੇ ਹਨ।

ਦਸ ਅਵਤਾਰ—ਵੇਖੋ ਅਵਤਾਰ।

ਦਸਰਥ—ਵੇਖੋ ਜਸਰਥ।

ਦਰਪਦੀ—ਰਾਜਾ ਦਰੁਪਦ ਦੀ ਪੁੱਤਰੀ, ਤੇ ਪੰਜਾਂ ਪਾਂਡਵਾਂ ਦੀ ਪਤਨੀ।

ਦਿਗੰਬਰ—ਨੰਗਾ ਰਹਿਣ ਵਾਲਾ। ਇਕ ਜੈਨ ਫ਼ਿਰਕਾ। ਸ਼ਿਵ।

ਦੀਪ ਸੱਤ—ਸਪਤ ਦੀਪ—ਸੱਤਾਂ ਸਮੁੰਦਰਾਂ ਵਿਚ ਘਿਰੇ ਹੋਏ ਸੱਤ ਦੀਪ। ਨਾਮ ਹਨ : ਜੰਬੂ, ਪਲਖ, ਸ਼ਾਲਮਲਿ, ਕੁਸ਼, ਕ੍ਰੌਂਚ, ਸ਼ਾਕ ਤੇ ਪੁਸ਼ਕਰ। ਹਿੰਦੂ ਮਤ ਦੇ ਗ੍ਰੰਥਾਂ ਅਨੁਸਾਰ ਰਾਜਾ 'ਪ੍ਰਿਯਵ੍ਰਤ' ਦੇ ਰਥ ਦੇ ਪਹੀਆਂ ਦੀ ਲੀਕ ਨਾਲ ਸੱਤ ਸਮੁੰਦਰ ਬਣ ਗਏ। ਉਹਨਾਂ ਵਿਚ ਘਿਰੀ ਧਰਤੀ ਸੱਤ ਦੀਪ ਹਨ।

ਦੁਹਸਾਸਨ=ਦੁਸਾਸਨ—ਦੁਰਯੋਧਨ ਦਾ ਛੋਟਾ ਭਾਈ, ਜੋ ਦਰੋਪਦੀ ਨੂੰ ਰਣਵਾਸ ਵਿਚੋਂ ਕੇਸਾਂ ਤੋਂ ਫੜ ਕੇ ਸਭਾ ਵਿਚ ਲਿਆਇਆ ਸੀ। ਭੀਮ ਨੇ ਕਸਮ ਖਾਧੀ ਸੀ, ਕਿ ਉਹ ਦੁਸਾਸਨ ਦਾ ਲਹੂ ਪੀਏਗਾ। ਕੁਰਛੇਤਰ ਦੇ ਯੁਧ ਵਿਚ ਸੋਲਵੇਂ ਦਿਨ ਦੁਸਾਸਨ ਦਾ ਪੇਟ ਪਾੜ ਕੇ ਭੀਮ ਨੇ ਲਹੂ ਦੀਆਂ ਚੂਲੀਆਂ ਪੀਤੀਆਂ ਸਨ।

ਦੁਰਜੋਧਨ—ਗਾਂਧਾਰੀ ਦੇ ਪੇਟ ਤੋਂ ਧ੍ਰਿਤਰਾਸ਼ਟਰ ਦਾ ਵੱਡਾ ਪੁੱਤਰ, ਜੋ ਪਿਤਾ ਦੇ ਨਾਮ 'ਤੇ ਰਾਜ ਕਰਦਾ ਸੀ। ਇਹ ਪਾਂਡਵਾਂ ਦਾ ਵੱਡਾ ਵੈਰੀ ਸੀ। ਕੁਰਛੇਤਰ ਦੇ ਮਾਰੂ ਯੁਧ ਦਾ ਅਸਲੀ ਕਾਰਨ ਏਹਾ ਸੀ। ਭੀਮ ਨੇ ਗੁਰਜ ਮਾਰ ਕੇ ਇਸ ਦਾ ਪੱਟ ਤੋੜ ਦਿਤਾ ਸੀ। ਇਸ ਤਰ੍ਹਾਂ ਇਸ ਦੀ ਮੌਤ ਹੋਈ ਸੀ।

ਦੁਰਬਾਸਾ—ਇਕ ਕ੍ਰੋਧੀ ਰਿਖੀ। ਇਹ 'ਅਤ੍ਰੀ' ਰਿਖੀ ਤੇ 'ਅਨਸੂਯਾ' ਦਾ

ਪੁੱਤਰ ਸੀ। ਕੁਛ ਗ੍ਰੰਥਕਾਰਾਂ ਦਾ ਵਿਚਾਰ ਹੈ, ਕਿ ਇਹ 'ਅਨਸੂਯਾ' ਦੇ ਪੇਟੋਂ 'ਸ਼ਿਵ' ਦਾ ਪੁੱਤਰ ਸੀ। ਇਸ ਨੇ ਕਈਆਂ ਨੂੰ ਸਰਾਪ ਦਿਤੇ। ਏਥੋਂ ਤਕ, ਕਿ ਇਸ ਨੇ ਇੰਦਰ ਤੇ ਕ੍ਰਿਸ਼ਨ ਨੂੰ ਵੀ ਸਰਾਪ ਦਿਤਾ। ਏਸੇ ਦੇ ਸਰਾਪ ਕਾਰਨ ਯਾਦਵ ਕੁਲ (ਕ੍ਰਿਸ਼ਨ ਦੀ ਬੰਸ) ਦਾ ਨਾਸ ਹੋਇਆ।

ਦੇਵਕੀ—ਯਦੁਵੰਸ਼ੀ ਰਾਜਾ ਦੇਵਕ ਦੀ ਪੁੱਤਰੀ, ਵਸੁਦੇਵ ਦੀ ਪਤਨੀ ਤੇ ਕ੍ਰਿਸ਼ਨ ਦੀ ਮਾਤਾ। ਵੇਖੋ ਉਗ੍ਰਸੈਨ।

ਦੇਵੀ—ਦੁਰਗਾ।

ਦੋਖ ਪੰਜ—ਵੇਖੋ ਪੰਜ ਦੋਖ।

ਧਰਮਰਾਜ—'ਸੰਗਯਾ' ਦੇ ਪੇਟੋਂ ਸੂਰਜ ਦਾ ਪੁੱਤਰ। ਇਹ ਹਰ ਜੀਵ ਦੇ ਚੰਗੇ ਮਾੜੇ ਕਰਮਾਂ ਦਾ ਹਿਸਾਬ ਕਰ ਕੇ ਉਸ ਦਾ ਫਲ ਦੇਂਦਾ ਹੈ।

ਧ੍ਰੂ—ਧ੍ਰੂ ਭਗਤ—ਰਾਜਾ ਉਤਾਨਪਾਦ ਦੀਆਂ ਦੋ ਰਾਣੀਆਂ ਸਨ : 'ਸੁਨੀਤਿ' ਤੇ 'ਸੁਰੁਚਿ'। ਸੁਨੀਤਿ ਦਾ ਪੁੱਤਰ ਧ੍ਰੂ ਹੋਇਆ ਤੇ ਸੁਰੁਚਿ ਦਾ 'ਉਤਮ'। ਸੁਰੁਚਿ ਨੇ ਧ੍ਰੂ ਨੂੰ ਪਿਤਾ ਦੀ ਗੋਦੀ ਵਿਚੋਂ ਉਠਾ ਦਿਤਾ, ਤਾਂ ਉਹ 'ਮਧੁਵਨ' ਵਿਚ ਜਾ ਤਪ ਕਰਨ ਲੱਗਾ। 'ਉਤਮ' ਸ਼ਕਾਰ ਖੇਡਣ ਗਿਆ ਮਰ ਗਿਆ। ਉਸ ਦੀ ਮਾਂ ਪੁੱਤਰ ਦੇ ਵਿਜੋਗ ਵਿਚ ਮਰ ਗਈ। ਰਾਜੇ ਉਤਾਨਪਾਦ ਨੇ ਧ੍ਰੂ ਨੂੰ ਬੁਲਾ ਕੇ ਰਾਜ ਦੇ ਦਿਤਾ, ਤੇ ਆਪ ਜੰਗਲ ਵਿਚ ਤਪ ਕਰਨ ਚਲਾ ਗਿਆ। ਧ੍ਰੂ ਨੇ ਛੱਤੀ ਹਜ਼ਾਰ ਬਰਸ ਰਾਜ ਕੀਤਾ। ਧ੍ਰੂ ਦੀਆਂ ਦੋ ਪਤਨੀਆਂ ਸਨ : 'ਭ੍ਰਮਿ' ਤੇ 'ਇਲਾ'। ਭ੍ਰਮਿ ਦੇ ਦੋ ਪੁੱਤਰ ਹੋਏ 'ਕਪਲ' ਤੇ 'ਵਤਸਰ'। 'ਇਲਾ' ਦਾ ਇਕ ਪੁੱਤਰ 'ਉਤਫਲ' ਹੋਇਆ। (ਵਿਸ਼ਨੂੰ ਪੁਰਾਣ ਤੇ ਭਗਵਤ)।

ਧ੍ਰਿਸ਼ਟ ਬੁਧੀ—ਵੇਖੋ ਚੰਦ੍ਰਹਾਸ ।

ਧੇਣ=ਧੇਨ—ਵੇਖ ਕਾਮਧੇਨ ।

ਧੋਮ=ਧੋਮੁ=ਧੋਮਯ—ਧੂਮ ਰਿਖੀ ਦਾ ਪੁੱਤਰ, ਦੇਵਲ ਰਿਖੀ ਦਾ ਛੋਟਾ ਭਾਈ, ਤੇ ਉੱਦਾਲਕ ਦਾ ਗੁਰੂ । ਧੋਮ ਪਾਂਡਵਾਂ ਦਾ ਪ੍ਰੋਹਿਤ ਸੀ ।

ਧੌਲ=ਧਉਲ—ਧਵਲ—ਚਿੱਟੇ ਰੰਗ ਦਾ ਬਲਦ, ਸ਼ਿਵ ਜੀ ਦੀ ਅਸਵਾਰੀ ।

ਨਖੱਤ੍ਰ=ਨਛੱਤ੍ਰ—ਤਾਰਿਆਂ ਦੇ ਗ੍ਰਹ, ਜੋ ਚੰਦਰਮਾ ਦਾ ਰਸਤਾ ਬਣਾਉਂਦੇ ਹਨ । ਜੋਤਸ਼ ਵਾਲਿਆਂ ਨੇ ਇਹ ਸਤਾਈ ਮੰਨੇ ਹਨ : ੧ ਅਸ਼ਵਨੀ, ੨ ਭਰਣੀ, ੩ ਕ੍ਰਿਤਿਕਾ, ੪ ਰੋਹਿਣੀ, ੫ ਮ੍ਰਿਗਸ਼ਰਾ, ੬ ਆਰਦਰਾ, ੭ ਪੁਨਰਵਸੁ, ੮ ਪੁਖਯ, ੯ ਸ਼ਲੇਖਾ, ੧੦ ਮਘਾ, ੧੧ ਪੂਰਵਾ-ਫਾਲਗੁਨੀ, ੧੨ ਉਤਰਾ ਫਾਲਗੁਨੀ, ੧੩ ਹਸਤ, ੧੪ ਚਿਤ੍ਰਾ, ੧੫ ਸਵਾਂਤੀ, ੧੬ ਵਿਸ਼ਾਖਾ, ੧੭ ਅਨੁਰਾਧਾ, ੧੮ ਜਯੇਸ਼ਠਾ, ੧੯ ਮੂਲ, ੨੦ ਪੂਰਵਾਖਾੜਾ, ੨੧ ਉਤਰਾਖਾੜਾ, ੨੨ ਸ੍ਰਾਵਣ, ੨੩ ਧਨਿਸ਼ਠਾ, ੨੪ ਸ਼ਤਭਿਖਾ, ੨੫ ਪੂਰਵਾਭਦ੍ਰਪਦਾ, ੨੬ ਉਤਰਾ-ਭਦ੍ਰਪਦਾ, ੨੭ ਰੇਵਤੀ ।

ਨਰਸਿੰਘ=ਨਰਸਿੰਹ—ਵਿਸ਼ਨੂੰ ਦਾ ਚੌਥਾ ਅਵਤਾਰ । ਇਸ ਦਾ ਅੱਧਾ ਧੜ ਆਦਮੀ ਦਾ ਤੇ ਅੱਧਾ ਸ਼ੇਰ ਦਾ ਸੀ । ਸਤਯੁਗ ਵਿਚ ਹਿਰਣਯਕਸ਼ਿਪੁ (ਹਰਨਾਖਸ) ਨੇ ਤਪ ਕਰ ਕੇ ਬ੍ਰਹਮਾ ਤੋਂ ਵਰ ਲੈ ਲਿਆ : ਨਾ ਮੈਂ ਦਿਨੇ ਮਰਾਂ, ਨਾ ਰਾਤ, ਨਾ ਆਦਮੀ ਹੱਥੋਂ ਮਰਾਂ, ਨਾ ਜਾਨਵਰ ਪਾਸੋਂ, ਨਾ ਹੀ ਕਿਸੇ ਸ਼ਸਤਰ ਨਾਲ ਮਰਾਂ । ਇਹ ਵਰ ਪਾ ਕੇ ਉਸ ਨੇ ਦੇਵ ਲੋਕ ਵੀ ਖੁਹ ਲਿਆ । ਅੰਤ ਪ੍ਰਹਿਲਾਦ ਦੀ ਸਹਾਇਤਾ ਵਾਸਤੇ ਵਿਸ਼ਨੂੰ ਨੇ ਨਰਸਿੰਘ ਅਵਤਾਰ ਧਾਰਿਆ, ਤੇ

ਹਰਨਾਖਸ ਨੂੰ ਆਪਣੇ ਪੱਟਾਂ 'ਤੇ ਲਿਟਾ ਕੇ ਉਸ ਵੇਲੇ ਮਾਰਿਆ, ਜਿਸ ਵੇਲੇ ਦਿਨ ਤੇ ਰਾਤ ਮਿਲ ਰਹੇ ਸਨ। ਨੌਂਹਾਂ ਨਾਲ ਪੇਟ ਪਾੜ ਕੇ ਮਾਰਿਆ।

ਨਾਥ ਨੌਂ—ਵੇਖੋ ਨੌਂ ਨਾਥ।

ਨਾਰਦ—ਇਸ ਬਾਰੇ ਪੁਰਾਤਨ ਗ੍ਰੰਥਾਂ ਵਿਚ ਵੱਖ ਵੱਖ ਲਿਖਿਆ ਹੈ। ਨਾਰਦ ਨੂੰ 'ਰਿਗ ਵੇਦ' ਦੇ ਕਈ ਮੰਤਰਾਂ ਦਾ ਕਰਤਾ ਮੰਨਿਆਂ ਜਾਂਦਾ ਹੈ। ਇਸ ਨੂੰ 'ਕਨਵ' ਵੰਸ਼ ਵਿਚੋਂ ਮੰਨਿਆਂ ਜਾਂਦਾ ਹੈ। ਇਕ ਥਾਂ ਲਿਖਿਆ ਹੈ, ਇਹ ਬ੍ਰਹਮਾ ਦੇ ਮੱਥੇ ਵਿਚੋਂ ਉਤਪਨ ਹੋਇਆ। 'ਵਿਸ਼ਨੂੰ ਪੁਰਾਣ' ਇਸ ਨੂੰ 'ਕਸ਼ਯਪ' ਦਾ ਪੁੱਤਰ ਮੰਨਦਾ ਹੈ। 'ਮਹਾਭਾਰਤ' (ਤੇ ਹੋਰ ਕੁਛ ਪੁਰਾਣਾਂ) ਅਨੁਸਾਰ ਨਾਰਦ ਨੇ 'ਦਖਸ਼' ਦੀ ਸ੍ਰਿਸ਼ਟੀ ਰਚਨਾ ਵਿਚ ਵਿਘਨ ਪਾਇਆ, ਤਾਂ ਦਖਸ਼ ਨੇ ਸਰਾਪ ਦਿਤਾ, ਕਿ ਤੂੰ ਫਿਰ ਕਿਸੇ ਇਸਤਰੀ ਦੇ ਪੇਟੋਂ ਜਨਮ ਲਵੇਂਗਾ। ਸੋ ਦਖਸ਼ ਦੀ ਇਕ ਲੜਕੀ ਵਿਚੋਂ ਬ੍ਰਹਮਾ ਦੇ ਸੰਜੋਗ ਨਾਲ ਨਾਰਦ ਨੇ ਫਿਰ ਜਨਮ ਲਿਆ। ਇਹ ਗੰਧਰਵਾਂ ਤੇ ਸੁਰਗ ਦੇ ਰਾਗੀਆਂ ਵਿਚੋਂ ਮੋਹਰੀ ਮੰਨਿਆਂ ਜਾਂਦਾ ਹੈ।

ਕ੍ਰਿਸ਼ਨ ਜੀ ਦੀ ਕਥਾ ਨਾਲ ਵੀ ਇਸ ਦਾ ਸੰਬੰਧ ਹੈ। ਇਸ ਨੇ ਕੰਸ ਨੂੰ ਦੱਸਿਆ, ਕਿ ਤੂੰ ਵਿਸ਼ਨੂੰ ਦਾ ਅਵਤਾਰ ਹੈਂ। ਨਾਰਦ ਨੇ ਇਹ ਵੀ ਸਮਝਾਇਆ, ਕਿ ਦੇਵਕੀ ਦੇ ਪੁੱਤਰ ਹੱਥੋਂ ਤੇਰੀ ਮੌਤ ਹੋਵੇਗੀ। ਏਸੇ ਵਾਸਤੇ ਕੰਸ ਨੇ ਦੇਵਕੀ ਨੂੰ ਕੈਦ ਕਰ ਲਿਆ, ਤੇ ਉਸ ਦੇ ਜੰਮਦੇ ਬੱਚਿਆਂ ਨੂੰ ਮਾਰਨਾ ਸ਼ੁਰੂ ਕਰ ਦਿਤਾ। ਕ੍ਰਿਸ਼ਨ ਨੂੰ ਉਸ ਦਾ ਪਿਤਾ ਚੋਰੀ 'ਨੰਦ' ਗੋਪ ਕੋਲ ਛੱਡ ਆਇਆ, ਤੇ ਨੰਦ ਦੀ ਲੜਕੀ ਕੰਸ ਨੂੰ ਲਿਆ ਦਿਤੀ, ਜੋ ਉਸ ਨੇ ਪੱਥਰ 'ਤੇ ਪਟਕ ਕੇ

ਮਾਰ ਦਿਤੀ।

ਨਾਰਦ ਦੇ ਰਚੇ 'ਪੰਚਰਾਤ੍ਰ' ਵਿਚ ਲਿਖਿਆ ਹੈ, ਕਿ ਬ੍ਰਹਮਾ ਨੇ ਨਾਰਦ ਨੂੰ ਵਿਆਹ ਕਰਵਾਉਣ ਵਾਸਤੇ ਕਿਹਾ। ਨਾਰਦ ਦੇ ਇਨਕਾਰ ਕਰਨ ਉਤੇ ਬ੍ਰਹਮਾ ਨੇ ਸਰਾਪ ਦੇ ਦਿਤਾ, ਕਿ ਤੂੰ ਸਦਾ ਭੋਗ ਬਿਲਾਸ ਵਿਚ ਲੱਗਾ ਰਹੇਂਗਾ, ਤੇ ਇਸਤਰੀਆਂ ਦੇ ਅਧੀਨ ਰਹੇਂਗਾ। ਉੱਤਰ ਵਿਚ ਨਾਰਦ ਨੇ ਬ੍ਰਹਮਾ ਨੂੰ ਸਰਾਪ ਦਿਤਾ, ਕਿ ਤੂੰ ਆਪਣੀ ਪੁੱਤਰੀ ਨਾਲ ਭੋਗ ਕਰੇਂਗਾ, ਜਿਸ ਕਾਰਨ ਲੋਕ ਤੇਰੀ ਪੂਜਾ ਨਹੀਂ ਕਰਨਗੇ।

ਏਧਰ ਓਧਰ ਲੂਤੀਆਂ ਲਾ ਕੇ ਨਾਰਦ ਸਦਾ ਝਗੜੇ ਖੜੇ ਕਰਨ ਦੇ ਆਹਰ ਵਿਚ ਰਹਿੰਦਾ ਸੀ। ਏਸੇ ਲਈ ਲੂਤੀਆਂ ਲਾਉਣ ਵਾਲੇ ਨੂੰ ਲੋਕ ਵਿਅੰਗ ਨਾਲ 'ਨਾਰਦ' ਕਿਹਾ ਕਰਦੇ ਹਨ।

ਨਿਉਲੀ ਕਰਮ—ਯੋਗ ਕਿਰਿਆ ਅਨੁਸਾਰ ਦੋਵੇਂ ਮੋਢੇ ਨੀਂਵੇਂ ਕਰ ਕੇ ਪਿੱਠ ਦਾ ਵਲ ਕਢ ਕੇ ਸਿੱਧਾ ਬੈਠਣਾ, ਤੇ ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ ਖੱਬੇ, ਹੇਠ ਉਪਰ, ਇਸ ਤਰ੍ਹਾਂ ਚਲਾਉਣਾ, ਜਿਵੇਂ ਚਾਟੀ ਵਿਚ ਦਹੀਂ ਰਿੜਕੀਦਾ ਹੈ।

ਨਿਧਾਂ—ਵੇਖੋ ਨੌਂ ਨਿਧਾਂ।

ਨੌਂ ਖੰਡ—ਪ੍ਰਿਥਵੀ ਦੇ ਨੌਂ ਭਾਗ : ਭਰਤ, ਇਲਾਵ੍ਰਿਤ, ਕਿੰਪੁਰਸ, ਭਦ੍ਰ, ਕੇਤੁਮਾਲ, ਹਰਿ, ਹਿਰਣਯ, ਰਮਯ, ਤੇ ਕੁਸ਼।

ਨੌਂ ਗ੍ਰਹਿ—ਸੂਰਜ, ਚੰਦ, ਮੰਗਲ, ਬੁਧ, ਬ੍ਰਿਹਸਪਤ, ਸੁਕਰ, ਛਨਿਛਰ, ਰਾਹੂ, ਕੇਤੂ।

ਨੌਧਾ ਭਗਤੀ=ਨਵਧਾਭਗਤਿ—ਨੌਂ ਪ੍ਰਕਾਰ ਦੀ ਭਗਤੀ (ਉਪਾਸ਼ਨਾ)।

੧ ਆਪਣੇ ਇਸ਼ਟ ਦੇਵ ਦਾ ਜੱਸ ਸੁਣਨਾ।

੨ ਕੀਰਤਨ ਕਰਨਾ, ਉਸਦੇ ਗੁਣ ਗਾਉਣੇ ।

੩ ਸਿਮਰਨ, ਉਸਨੂੰ ਯਾਦ ਕਰਨਾ ।

੪ ਪਾਦ ਸੇਵਾ, ਚਰਨਾਂ ਦੀ ਸੇਵਾ ਕਰਨਾ ।

੫ ਅਰਚਨ, ਫੁਲ ਆਦਿ ਖ਼ੁਸ਼ਬੂਦਾਰ ਸਮਗਰੀ ਭੇਟ ਕਰਨਾ ।

੬ ਵੰਦਨ, ਪ੍ਰਣਾਮ, ਨਮਸਕਾਰ ।

੭ ਸਖਾਭਾਵ, ਇਸ਼ਟ ਨਾਲ ਮਿੱਤਰ ਭਾਵ ਪੈਦਾ ਕਰਨਾ ।

੮ ਦਾਸ ਭਾਵ, ਸੇਵਾ ਭਾਵ, ਸੇਵਕ ਬਣ ਕੇ ਰਹਿਣਾ ।

੯ ਆਤਮ ਨਿਵੇਦਨ, ਆਪਣਾ ਆਪ ਅਰਪਨ ਕਰ ਦੇਣਾ ।

ਨੌਂ ਨਾਥ—ਨੌਂ ਪ੍ਰਧਾਨ ਜੋਗੀ : ਆਦਨਾਥ, ਮਛੰਦ੍ਰਨਾਥ, ਉਦਯ ਨਾਥ, ਸੰਤੋਖ ਨਾਥ, ਕੰਥੜ ਨਾਥ, ਅਚੰਭ ਨਾਥ, ਚੌਰੰਗੀਨਾਥ, ਗੋਰਖਨਾਥ, ਤੇ ਸਤਯਨਾਥ ।

ਜੋਗੀਆਂ ਦੀ ਦੂਸਰੀ ਸੰਪ੍ਰਦਾਯ ਨੌਂ ਨਾਥ ਇਹ ਮੰਨਦੀ ਹੈ :

ਆਦਿਨਾਥ, ਸ਼ੈਲ ਨਾਥ, ਸੰਤੋਖਨਾਥ, ਅਚੰਭਨਾਥ, ਗਜਕੰਠ ਨਾਥ, ਪ੍ਰਜਾ ਨਾਥ, ਮਛੰਦ੍ਰ ਨਾਥ, ਗੋਰਖ ਨਾਥ ਤੇ ਗਯਾਨ ਸ੍ਵਰੂਪੀ ਨਾਥ ।

ਸਰੂਪ ਦਾਸ ਭੱਲਾ 'ਗੁਰੂ ਨਾਨਕ ਮਹਿਮਾ' ਵਿਚ ਨੌਂ ਨਾਥ ਇਹ ਲਿਖਦਾ ਹੈ :

"ਤਬ ਕ੍ਰਿਪਾ ਸਿੰਧ ਬੋਲੇ ਮੁਖ ਬਾਨੀ ।
ਅਹ 'ਗੋਰਖ ਨਾਥ', ਨਾਥ ਬਡਿ ਗਿਆਨੀ ।
'ਮਾਛਿੰਦ੍ਰ ਨਾਥ' ਅਰ 'ਚਰਪਟ ਨਾਥ' ।
'ਮੰਗਲ ਨਾਥ' 'ਘੁਘੂ ਨਾਥ' ਸਾਥ ।੧੧।
ਇਹੁ 'ਗੋਪੀਨਾਥ' 'ਪ੍ਰਾਨ ਨਾਥ' ਸੁਹਾਇ ।

ਇਹ 'ਸੂਰ ਨਾਥ' 'ਚੰਬਲ ਨਾਥ' ਕਹਾਇ ।
ਨਵੇਂ ਨਾਥ ਇਹ ਜਗਤ ਪ੍ਰਧਾਨ ।
ਸਰਬੰਗਾਮੀ ਪੁਰਖ ਮਹਾਨ ।੧੨।"
(ਸਰਬੰਗਾਮੀ=ਹਰ ਥਾਂ ਪਹੁੰਚਣ ਯੋਗ) ।

ਨੌਂ ਨਿਧਾਂ—(ਨਿਧ ਦਾ ਅਰਥ ਹੈ ਖ਼ਜ਼ਾਨਾ, ਧਨ, ਸੰਪਤੀ) ਨੌਂ ਇਹ ਹਨ : ਪਦਮ, ਮਹਾ ਪਦਮ, ਮਕਰ, ਕੱਛਪ, ਮੁਕੰਦ, ਕੁੰਦ, ਨੀਲ, ਸੰਖ, ਖਰਬ ।

ਮਾਰਕੰਡੇਯ ਪੁਰਾਣ ਵਿਚ ਇਹਨਾਂ ਦਾ ਵੇਰਵਾ ਕੁਛ ਹੋਰ ਢੰਗ ਨਾਲ ਦਿਤਾ ਹੈ ।

ਨੌਂ ਵਿਆਕਰਣ—ਐਂਦ੍ਰ, ਚਾਂਦ੍ਰ, ਕਾਸ਼ਕ੍ਰਿਤਨ, ਆਪਿਸ਼ਲਿ, ਸ਼ਾਕਟਾਯਨ, ਪਾਣਿਨੀਯ, ਆਮਰ, ਜੈਨੇਂਦ੍ਰ, ਤੇ ਕਲਾਪ (ਕਾਤੰਦ੍ਰ) । ਇਹ ਨੌਂ ਵਿਆਕਰਣ ਪ੍ਰਮੁਖ ਹਨ । ਪਰ ਅੱਜ ਕੱਲ ਜੋ ਵਿਆਕਰਣ (ਗਰਾਮਰ) ਪੜ੍ਹਾਈ ਜਾਂਦੀ ਹੈ, ਉਹ 'ਪਾਣਿਨੀਯ ਦੀ ਰਚਨਾ ਦੇ ਆਧਾਰ 'ਤੇ ਹੈ । ਪਾਣਿਨੀਯ ਦੀ ਰਚਨਾ ਬੜੀ ਸੰਖੇਪ ਹੈ, ਪਰ ਉਹ ਹਰ ਪੱਖ ਤੋਂ ਪੂਰਨ ਹੈ ।

ਨੰਦ—'ਵਰੀਯਸੀ' ਦੇ ਪੇਟੋਂ 'ਪਰਜਨਯ' ਦਾ ਪੁੱਤਰ, ਗੋਕਲ ਦੇ ਗੋਪਾਂ ਦਾ ਮੁਖੀਆ, ਯਸ਼ੋਦਾ ਦਾ ਪਤੀ, ਜਿਸ ਨੇ ਕ੍ਰਿਸ਼ਨ ਨੂੰ ਪੁੱਤਰ ਮੰਨ ਕੇ ਪਾਲਿਆ ਸੀ ।

ਪਦਾਰਥ—ਵੇਖੋ ਚਾਰ ਪਦਾਰਥ ।

ਪਰਸਰਾਮ—ਪਰਸ਼ੁਰਾਮ—ਕੁਹਾੜਾਧਾਰੀ ਰਾਮ, (ਪਰਸ਼=ਕੁਹਾੜਾ) । 'ਮਤਸਯ ਪੁਰਾਣ' ਅਨੁਸਾਰ ਇਹ ਵਿਸ਼ਨੂੰ ਦਾ ਛੇਵਾਂ ਅਵਤਾਰ ਸੀ, ਤੇ 'ਭਾਗਵਤ' ਅਨੁਸਾਰ ਸੋਲ੍ਹਵਾਂ ਅਵਤਾਰ । ਇਹ ਰਿਖੀ

'ਜਮਦਗਨਿ' ਬ੍ਰਾਹਮਣ ਤੇ 'ਰੇਣਕਾ' ਦਾ ਪੰਜਵਾਂ ਪੁੱਤਰ ਸੀ।

ਪੁਰਾਤਨ ਗ੍ਰੰਥਾਂ ਵਿਚ ਇਸ ਬਾਰੇ ਮਤਭੇਦ ਹਨ। ਇਕ ਵਾਰ ਕਿਸੇ ਪੁਰਸ਼ ਵੱਲ ਵੇਖ ਕੇ 'ਰੇਣਕਾ' ਦਾ ਮਨ ਭਰਮ ਗਿਆ। ਜਮਦਗਨ ਨੇ ਆਪਣੇ ਪੁੱਤਰਾਂ ਨੂੰ ਕਿਹਾ, ਕਿ ਰਣਕਾ ਦਾ ਸਿਰ ਵਢ ਦਿਹੋ। ਪਹਿਲੇ ਚੌਹਾਂ ਨੇ ਇਨਕਾਰ ਕਰ ਦਿਤਾ,ਪਰ ਪਰਸਰਾਮ ਨੇ ਮਾਂ ਦਾ ਸਿਰ ਵਢ ਦਿਤਾ। ਖੁਸ਼ ਹੋ ਕੇ ਜਮਦਗਨ ਨੇ ਪਰਸਰਾਮ ਨੂੰ ਵਰ ਮੰਗਣ ਵਾਸਤੇ ਕਿਹਾ, ਤਾਂ ਉਸ ਨੇ ਕਿਹਾ, 'ਮੇਰੀ ਮਾਤਾ ਨੂੰ ਪਾਪ-ਮੁਕਤ ਕਰ ਕੇ ਜ਼ਿੰਦਾ ਕਰ ਦਿਹੋ।' ਇਸ ਤਰ੍ਹਾਂ ਰੇਣਕਾ ਫਿਰ ਜ਼ਿੰਦਾ ਹੋ ਗਈ।

ਸਹਸ੍ਰਬਾਹੁ ਨੇ ਜਮਦਗਨ ਨੂੰ ਕਤਲ ਕਰ ਦਿਤਾ ਸੀ। ਪਿਤਾ ਦਾ ਬਦਲਾ ਲੈਣ ਵਾਸਤੇ ਪਰਸਰਾਮ ਨੇ ਇੱਕੀ ਵਾਰ ਛੱਤਰੀਆਂ ਦਾ ਨਾਸ ਕੀਤਾ। ਅੰਤ ਪਰਸਰਾਮ ਰਾਮ ਚੰਦਰ ਤੋਂ ਹਾਰਿਆ।

ਪਰਸਰਾਮ ਨੇ ਸ਼ਸਤਰ ਵਿੱਦਿਆ ਸ਼ਿਵ ਜੀ ਤੋਂ ਸਿੱਖੀ ਸੀ। ਸ਼ਿਵ ਨੇ ਪ੍ਰਸੰਨ ਹੋ ਕੇ ਇਸ ਨੂੰ ਕੁਹਾੜਾ ਬਖ਼ਸ਼ਿਆ। ਇਸ ਤੋਂ ਇਸ ਦਾ ਨਾਮ 'ਪਰਸੁਰਾਮ' (ਕੁਹਾੜਾਧਾਰੀ ਰਾਮ) ਪਿਆ। ਵੇਖੋ ਸਹਸ੍ਰਬਾਹੁ ਤੇ ਜਮਦਗਨ।

(ਪੁਰਾਣਾਂ ਦੀ ਲਿਖਤ ਵਿਚ ਇਕ ਤਰੁਟੀ ਵੀ ਹੈ। ਪਰਸਰਾਮ ਤੇ ਰਾਮ ਚੰਦਰ ਸਮਕਾਲੀ ਹਨ। ਤੇ ਦੋਵੇਂ ਵਿਸ਼ਨੂੰ ਦੇ ਅਵਤਾਰ ਮੰਨੇ ਜਾਂਦੇ ਹਨ। ਇਕੋ ਸਮੇਂ ਵਿਸ਼ਨੂੰ ਦੇ ਦੋ ਅਵਤਾਰ ਕਿਵੇਂ ਹੋਏ ?)

ਪ੍ਰਹਿਲਾਦ—ਇਹ ਹਿਰਨਯਕਸ਼ਿਪੁ (ਹਰਣਾਖਸ) ਦਾ ਪੁੱਤਰ ਤੇ 'ਬਲਿ' ਦਾ ਪਿਤਾ ਸੀ। ਪ੍ਰਹਿਲਾਦ ਭਗਤ ਵਿਸ਼ਨੂੰ ਦਾ ਉਪਾਸ਼ਕ ਸੀ। ਜਦ

ਹਰਣਾਖਸ ਇਸ ਨੂੰ ਮਾਰਨ ਲੱਗਾ, ਤਾਂ ਵਿਸ਼ਨੂੰ ਨੇ 'ਨਰਸਿੰਘ' ਅਵਤਾਰ ਧਾਰ ਕੇ ਪ੍ਰਹਿਲਾਦ ਦੀ ਰੱਖਿਆ ਕੀਤੀ ਤੇ ਹਰਣਾਖਸ ਨੂੰ ਮਾਰਿਆ। ਵੇਖੋ ਹਰਣਾਖਸ।

ਪ੍ਰੀਖਤ=ਪ੍ਰੀਛਤ=ਪਰਿਸ਼ਤ—ਇਹ ਅਰਜਨ ਪਾਂਡਵ ਦੇ ਪੁੱਤਰ ਅਭਿਮੰਨੂੰ ਤੇ 'ਉੱਤਰਾ' ਦਾ ਪੁੱਤਰ ਸੀ। ਅਸਵਥਾਮਾ ਨੇ ਇਸ ਨੂੰ ਮਾਤਾ ਦੇ ਗਰਭ ਵਿਚ ਹੀ ਮਾਰ ਦਿਤਾ ਸੀ। ਪਿਤਾ ਦੀ ਮੌਤ ਪਿਛੋਂ ਇਹ ਮੁਰਦਾ ਹਾਲਤ ਵਿਚ ਜਨਮਿਆਂ, ਪਰ ਕ੍ਰਿਸ਼ਨ ਨੇ ਇਸ਼ ਨੂੰ ਦੁਬਾਰਾ ਜ਼ਿੰਦਾ ਕਰ ਦਿਤਾ। ਕੁਰਛੇਤਰ ਯੁਧ ਪਿੱਛੋਂ ਜਦ ਪਾਂਡਵ ਪਹਾੜਾਂ ਵਿਚ ਤਪ ਕਰਨ ਚਲੇ ਗਏ, ਤਾਂ 'ਹਸਤਨਾਪੁਰ' ਤੇ 'ਇੰਦ੍ਰਪ੍ਰਸਥ' ਦਾ ਰਾਜਾ ਪ੍ਰੀਛਤ ਬਣਿਆਂ। ਇਸ ਦੀ ਮੌਤ ਸੱਪ ਲੜਨ ਨਾਲ ਹੋਈ। ਸੋ ਪਿਤਾ ਦਾ ਬਦਲਾ ਲੈਣ ਵਾਸਤੇ ਇਸ ਦੇ ਪੁੱਤਰ 'ਜਨਮੇਜਾ' ਨੇ ਸਰਪਮੇਧ ਯੱਗ ਕੀਤਾ। ਵੇਖੋ ਜਨਮੇਜਾ।

ਪਾਂਡਵ—ਚੰਦ੍ਰਵੰਸ਼ੀ ਰਾਜਾ 'ਸ਼ਾਂਤਨੂੰ' ਦਾ ਪੁੱਤਰ 'ਵਿਚਿਤ੍ਰਵੀਰਯ' ਖਈ ਰੋਗ ਨਾਲ ਜਵਾਨੀ ਵਿਚ ਹੀ ਬਿਨਾਂ ਔਲਾਦ ਮਰ ਗਿਆ। ਉਸ ਦੀਆਂ ਦੋ ਰਾਣੀਆਂ ਸਨ : 'ਅੰਬਿਕਾ' ਤੇ 'ਅੰਬਾਲਿਕਾ'। ਵਿਚਿਤ੍ਰ-ਵੀਰਯ ਦੀ ਮਾਤਾ 'ਸਤਯਵਤੀ' ਨੇ ਪਹਿਲਾਂ ਭੀਸ਼ਮ ਨੂੰ ਕਿਹਾ, ਕਿ ਉਹ 'ਅੰਬਿਕਾ' ਤੇ 'ਅੰਬਾਲਿਕਾ' ਵਿਚੋਂ ਔਲਾਦ ਪੈਦਾ ਕਰੇ। ਪਰ ਭੀਸ਼ਮ ਨੇ ਇਨਕਾਰ ਕਰ ਦਿਤਾ। ਕਿਉਂਕਿ ਉਸ ਨੇ ਜੀਵਨ ਭਰ ਬ੍ਰਹਮਚਾਰੀ ਰਹਿਣ ਦਾ ਪ੍ਰਣ ਕੀਤਾ ਹੋਇਆ ਸੀ। ਫਿਰ ਸਤਯਵਤੀ 'ਵਦ ਵਿਆਸ' ਪਾਸ ਗਈ। ਵੇਦ ਵਿਆਸ 'ਸਤਯਵਤੀ' ਕੁਆਰੀ ਦਾ ਪੁੱਤਰ ਸੀ ਰਿਖੀ ਪਰਾਸ਼ਰ ਦੇ ਸੰਬੰਧ ਕਾਰਨ। ਵਿਆਸ ਨੇ ਮਾਤਾ ਦੀ ਆਗਿਆ ਮੰਨ ਲਈ।

ਅੰਬਿਕਾ ਨੇ ਵਿਆਸ ਦਾ ਕਾਲਾ ਰਗ (ਭੂਤ ਵਰਗਾ) ਵੇ
ਕੇ ਅੱਖਾਂ ਬੰਦ ਕਰ ਲਈਆਂ। ਸੋ ਅੰਬਿਕਾ ਦੇ ਘਰ 'ਧ੍ਰਿਤਰਾਸ਼ਟਰ
ਅੰਨ੍ਹਾ ਜੰਮਿਆਂ।

ਫਿਰ 'ਅੰਬਾਲਿਕਾ' ਦੀ ਵਾਰੀ ਆਈ। ਡਰ ਦੇ ਕਾਰਨ ਉ
ਦਾ ਰੰਗ ਪੀਲਾ ਪੈ ਗਿਆ। ਉਸ ਦੇ ਘਰ 'ਪਾਂਡੂ' (ਪੀਲ ਰੰ
ਵਾਲਾ) ਜੰਮਿਆਂ।

ਸਤਯਵਤੀ ਨੇ ਅੰਬਿਕਾ ਨੂੰ ਫਿਰ ਮਜਬੂਰ ਕੀਤਾ, ਤਾਂ ਉਸ
ਨੇ ਆਪਣੀ ਥਾਂ ਇਕ ਦਾਸੀ (ਗੋਲੀ) ਨੂੰ ਵਿਆਸ ਦੇ ਹਵਾਲੇ ਕਰ
ਦਿਤਾ। ਉਸ ਵਿਚੋਂ 'ਬਿਦਰ' ਪੈਦਾ ਹੋਇਆ।

ਧਿਤਰਾਸ਼ਟਰ ਅੰਨ੍ਹਾਂ ਸੀ, ਸੋ ਰਾਜਗੱਦੀ ਪਰ 'ਪਾਂਡੂ ਬੈਠਾ
ਭੀਸਮ ਪਿਤਾਮਾ ਨੇ ਪਾਂਡੂ ਦਾ ਵਿਆਹ 'ਕੁੰਤਾ' ਤੇ 'ਮਾਦਰੀ' ਨਾਲ
ਕੀਤਾ।

ਕਿਮਿੰਦਯ ਰਿਖੀ, ਮਿਰਗ ਦਾ ਰੂਪ ਧਾਰ ਕੇ ਮਿਰਗੀ ਨਾ
ਭੋਗ ਕਰ ਰਿਹਾ ਸੀ। ਸ਼ਕਾਰ ਖੇਡਦੇ ਪਾਂਡੂ ਨੇ ਰਿਖੀ ਨੂੰ ਮਾ
ਦਿਤਾ। ਰਿਖੀ ਨੇ ਸਰਾਪ ਦੇ ਦਿਤਾ, ਕਿ ਇਸਤਰੀ ਨਾਲ ਸੰ
ਕਰਨ ਸਮੇਂ ਪਾਂਡੂ ਦੀ ਮੌਤ ਹੋ ਜਾਵੇਗੀ। ਇਸ ਸਰਾਪ ਤੋਂ ਡਰਦ
ਪਾਂਡੂ ਰਾਣੀਆਂ ਤੋਂ ਦੂਰ ਰਹੇ। ਪਰ ਇਸ ਤਰ੍ਹਾਂ ਵੰਸ਼ ਕਿਵੇਂ ਚੱਲੇ
(ਉਸ ਸਮੇਂ ਦੀ ਸੱਭਿਅਤਾ। ਪਤੀ ਵਾਸਤੇ ਨਾਜ਼ਾਇਜ਼ ਔਲਾਦ ਪੈਦ
ਕਰਨ ਲਈ ਇਸਤਰੀ ਮਜਬੂਰ ਸੀ।) ਪਾਂਡੂ ਦੀ ਆਗਿਆ ਨਾ
ਕੁੰਤੀ ਨੇ ਧਰਮ (ਧਰਮਰਾਜ) ਦੇ ਸੰਬਧ ਨਾਲ 'ਯੁਧਿਸ਼ਟਰ, ਪੌ
ਦੇਵਤਾ ਤੋਂ 'ਭੀਮ' ਤੇ ਇੰਦਰ ਦੇਵਤਾ ਤੋਂ 'ਅਰਜਣ' ਪੈਦਾ ਕੀਤਾ
ਏਸੇ ਵਾਸਤੇ ਇਹ 'ਕੁੰਤੀ-ਪੁੱਤਰ' ਅਖਵਾਉਂਦੇ ਹਨ। (ਪਾਂਡੂ ਪੁੱਤ

ਨਹੀਂ)। 'ਮਾਦਰੀ' ਨੇ 'ਅਸ਼ਵਨੀ ਕੁਮਾਰਾਂ' ਦੇ ਸੰਬੰਧ ਨਾਲ 'ਨਕੁਲ' ਤੇ 'ਸਹਦੇਵ' ਪੈਦਾ ਕੀਤੇ। (ਭਾਵ ! ਪਾਂਡੂ ਦਾ ਪੁੱਤਰ ਇਹਨਾਂ ਵਿਚੋਂ ਕੋਈ ਵੀ ਨਹੀਂ ਸੀ। ਫਿਰ ਵੀ ਇਹ 'ਪਾਂਡਵ' ਕਰ ਕੇ ਹੀ ਪ੍ਰਸਿੱਧ ਹੋਏ।)

ਧ੍ਰਿਤਰਾਸ਼ਟਰ ਦੇ ਪੁੱਤਰ ਕੌਰਵ ਅਖਵਾਉਂਦੇ ਸਨ। ਕੌਰਵਾਂ ਦੀ ਰਾਜਧਾਨੀ 'ਹਸਤਿਨਾਪੁਰ' ਤੇ ਪਾਂਡਵਾਂ ਦੀ ਰਾਜਧਾਨੀ 'ਇੰਦ੍ਰ ਪ੍ਰਸਥ' (ਦਿੱਲੀ) ਸੀ। ਦਿੱਲੀ ਵਿਚ ਅਜੇ ਤਕ ਪਾਂਡਵਾਂ ਦਾ ਪੁਰਾਣਾ ਕਿਲ੍ਹਾ ਮੌਜੂਦ ਹੈ।

ਪਾਰਜਾਤ - ਸਮੁੰਦਰ ਰਿੜਕਣ ਕਰ ਕੇ ਇਹ ਰੁਖ ਨਿਕਲਿਆ, ਜੋ ਇੰਦਰ ਨੂੰ ਮਿਲਿਆ। (ਏਸੇ ਦਾ ਨਾਮ ਕਲਪਤਰੁ ਜਾਂ ਕਲਪ ਬਿਹਛ ਹੈ।) ਇੰਦਰ ਦੀ ਇਸਤਰੀ 'ਸ਼ਚੀ' ਇਸ ਨੂੰ ਬਹੁਤ ਪਸੰਦ ਕਰਦੀ ਸੀ।

ਕ੍ਰਿਸ਼ਨ ਸੁਰਗ ਲੋਕ ਵਿਚ ਇੰਦਰ ਨੂੰ ਮਿਲਣ ਗਿਆ, ਤਾਂ 'ਸਤਯਭਾਮਾ' (ਕ੍ਰਿਸ਼ਨ ਦੀ ਪਰਮੁਖ ਰਾਣੀ) ਨੇ ਪ੍ਰੇਰਿਆ, ਕਿ ਪਾਰਜਾਤ ਮੇਰੇ ਵਿਹੜ ਵਿਚ ਚਾਹੀਦਾ ਹੈ। ਪਾਰਜਾਤ ਬਦਲੇ ਕ੍ਰਿਸ਼ਨ ਤੇ ਇੰਦਰ ਦਾ ਘੋਰ ਯੁਧ ਹੋਇਆ। ਕ੍ਰਿਸ਼ਨ ਨੇ ਪਾਰਜਾਤ 'ਸਤਯਭਾਮਾ' ਦੇ ਵਿਹੜੇ ਵਿਚ ਲਿਆ ਲਾਇਆ। ਪਰ ਕ੍ਰਿਸ਼ਨ ਦੇ ਦਿਹਾਂਤ ਪਿਛੋਂ ਪਾਰਜਾਤ ਫਿਰ ਇੰਦਰ ਲੋਕ ਵਿਚ ਚਲਾ ਗਿਆ।

ਪਾਰਬਤੀ=ਪਾਰਵਤੀ=ਉਮਾ—ਹਿੰਮਾਚਲ ਪਰਵਤ ਦੀ ਪੁੱਤਰੀ, ਤੇ ਸ਼ਿਵ ਦੀ ਪਤਨੀ।

ਪਿਸਾਚ—ਦੇਵਤਿਆਂ ਤੋਂ ਇਕ ਘਟੀਆ ਸ਼ਰੇਣੀ, ਜੋ ਮਾਸ ਖਾਂਦੀ ਹੈ।

ਪਿੰਗਲਾ—ਵਿਦੇਹ ਨਗਰ (ਜਨਕ ਪੁਰੀ) ਇਕ ਵੇਸਵਾ ਪਿੰਗਲਾ ਰਹਿੰਦੀ ਸੀ। ਇਕ ਸੁੰਦਰ ਜਵਾਨ ਵੇਖ ਕੇ ਉਹ ਮੋਹਤ ਹੋ ਗਈ।

ਉਹ ਸਾਰੀ ਰਾਤ ਉਸ ਦੀ ਉਡੀਕ ਵਿਚ ਬਚਨ ਰਹੀ, ਪਰ ਉਹ ਨਾ ਆਇਆ। ਪਿੰਗਲਾ ਦੇ ਮਨ ਵਿਚ ਆਈ, ਜੇ ਉਹ ਏਨਾ ਪਿਆਰ ਪ੍ਰਭੂ ਨੂੰ ਕਰਦੀ, ਤਾਂ ਚੰਗਾ ਸੀ। ਏਨੀ ਕੁ ਠੋਕਰ ਲੱਗਣ ਕਰ ਕੇ ਉਹ ਪ੍ਰਭੂ ਭਗਤੀ ਵਿਚ ਲੱਗ ਗਈ। ਅੰਤ ਉਸ ਨੂੰ ਮੁਕਤੀ ਪ੍ਰਾਪਤ ਹੋ ਗਈ।

**ਪੁਰਸਲਾਤ**=ਪੁਰ ਸਰਾਤ=ਸਰਾਤ ਦਾ ਪੁਲ—ਇਸਲਾਮੀ ਸ਼ਰ੍ਹਾ ਅਨੁਸਾਰ ਦੋਜ਼ਖ਼ (ਨਰਕ) ਦੀ ਅੱਗ ਦੇ ਉਪਰ ਇਕ ਪੁਲ ਹੈ, ਜੋ ਵਾਲ ਤੋਂ ਵੀ ਬਰੀਕ ਹੈ। ਹਰ ਇਕ ਨੂੰ ਉਸ ਦੇ ਉਪਰ ਦੀ ਲੰਘਣਾ ਪੈਂਦਾ ਹੈ। ਮਾਲੂਮ ਹੁੰਦਾ ਹੈ, ਮੁਸਲਮਾਨਾਂ ਨੇ ਇਹ ਖ਼ਿਆਲ ਪਾਰਸੀਆਂ ਤੋਂ ਲਿਆ ਹੈ। ਪਾਰਸੀ ਇਸ ਨੂੰ 'ਚਿਨਵਤ ਪੇਰੇਤੂ' ਕਹਿੰਦੇ ਹਨ।

**ਪੁਰਾਣ**—ਇਹ ਗਿਣਤੀ ਵਿਚ ਅਠਾਰਾਂ ਹਨ। ਇਹਨਾਂ ਦੇ ਸਲੋਕਾਂ ਦੀ ਗਿਣਤੀ ਚਾਰ ਲੱਖ ਹੈ। ਪੁਰਾਣਾ ਦੇ ਨਾਮ ਇਹ ਹਨ :

੧ ਵਿਸ਼ਨੁ ਪੁਰਾਣ, ੨ ਪਦਮ, ੩ ਬ੍ਰਹਮ, ੪ ਸ਼ਿਵ, ੫ ਭਾਗਵਤ ੬ ਨਾਰਦ, ੭ ਮਾਰਕੰਡੇ, ੮ ਅਗਨਿ, ੯ ਬ੍ਰਹਮ ਵੇਵਰਤ, ੧੦ ਲਿੰਗ, ੧੧ ਵਾਰਾਹ, ੧੨ ਸਕੰਦ, ੧੩ ਵਾਮਨ, ੧੪ ਕੂਰਮ, ੧੫ ਮਤਸਰ ੧੬ ਗਰੁੜ, ੧੭ ਬ੍ਰਹਮਾਂਡ, ੧੮ ਭਵਿਸ਼ਯ ਪੁਰਾਣ।

ਇਹਨਾਂ ਤੋਂ ਇਲਾਵਾ ਅਠਾਰਾਂ 'ਉਪ ਪੁਰਾਣ' (ਛੋਟੇ ਪੁਰਾਣ) ਵੀ ਮੰਨੇ ਜਾਂਦੇ ਹਨ। ਇਹ ਹਨ :

੧. ਸਨਤ ਕੁਮਾਰ, ੨. ਨਰਸਿੰਹ, ੩. ਨਾਰਦੀਯ, ੪. ਦੇਵੀ ਭਾਗਵਤ, ੫. ਦੁਰਵਾਸਾ, ੬. ਕਪਿਲ, ੭. ਮਾਨਵ, ੮. ਔਸ਼ਨਸ ੯. ਵਰੁਣ, ੧੦. ਕਾਲਿਕਾ, ੧੧. ਸ਼ਾਂਬ, ੧੨. ਨੰਦਾ, ੧੩. ਸੌਰ

੧੪. ਪਾਰਾਸ਼ਰ, ੧੫. ਆਦਿਤਯ, ੧੬. ਮਾਹੇਸ਼੍ਵਰ, ੧੭. ਭਾਰਗਵ, ਤੇ ੧੮. ਵਸ਼ਿਸ਼ਠ।

ਕੁਛ ਗ੍ਰੰਥਾਂ ਵਿਚ ਨਾਵਾਂ ਦਾ ਕੁਛ ਫ਼ਰਕ ਹੈ, ਪਰ ਗਿਣਤੀ ਅਠਾਰਾਂ ਹੀ ਮੰਨੀ ਹੈ।

ਪੂਤਨਾ—'ਬਲਿ' ਦੀ ਪੁੱਤਰੀ, 'ਵਕਾਸੁਰ' ਤੇ 'ਅਘਾਸੁਰ' ਦੀ ਭੈਣ। ਇਹ ਕੰਸ ਦੀ ਪ੍ਰੇਰੀ ਹੋਈ ਦਾਈ ਬਣ ਕੇ ਥਣਾਂ ਨੂੰ ਜ਼ਹਿਰ ਲਾ ਕੇ ਕ੍ਰਿਸ਼ਨ ਨੂੰ ਮਾਰਨ ਵਾਸਤੇ ਗਈ। ਕ੍ਰਿਸ਼ਨ ਨੇ ਇਸ ਦਾ ਸਾਰਾ ਲਹੂ ਚੂਸ ਕੇ ਇਸ ਨੂੰ ਮਾਰ ਦਿਤਾ। (ਭਾਗਵਤ)।

ਪੰਚ ਦੋਖ=ਪੰਜ ਦੋਖ—੧. ਅਵਿੱਦਿਆ (ਆਗਿਆਨਤਾ), ੨. ਅਸੰਮਤਾ (ਨਾ ਬਰਾਬਰੀ, ਰਾਏ ਨਾ ਮਿਲਨੀ)। ੩. ਰਾਗ (ਪਿਆਰ) ੪. ਦਵੈਖ, (ਦਵੈਸ਼, ਈਰਖਾ), ੫. ਅਭੀ ਨਿਵੇਸ (ਗੁਣ ਵਿਸਾਰ ਕੇ ਔਗੁਣ ਕਾਲਣੇ, ਨਿੰਦਿਆ ਕਰਨੀ)।

ਕੁਛ ਵਿੱਦਿਵਾਨ ਤਿੰਨ ਦੋਖ ਮੰਨਦੇ ਹਨ : ੧. ਮਲ ਦੋਖ (ਪਾਪਾਂ ਵਿਚ ਪਰਵਿਰਤ ਹੋ ਜਾਣਾ), ੨. ਵਿਛੇਪ ਦੋਖ (ਹਰ ਵੇਲੇ ਮਨ ਦਾ ਅਸ਼ਾਂਤ ਤੇ ਚੰਚਲ ਰਹਿਣਾ), ੩. ਆਵਰਣ ਦੋਖ (ਅਗਿਆਨਤਾ)।

ਭਗਤ ਰਵਿਦਾਸ ਜੀ ਇਹ ਪੰਜ ਦੋਖ ਮੰਨਦੇ ਹਨ :

"ਮ੍ਰਿਗ, ਮੀਨ ਭ੍ਰਿੰਗ, ਪਤੰਗ, ਕੁੰਚਰ, ਏਕ ਦੋਖ ਬਿਨਾਸ।
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ।"

(ਆਸਾ, ਪੰਨਾ ੪੮੬)

(ਮ੍ਰਿਗ=ਹਰਨ ਨੂੰ ਕੰਨ ਰਸ, ਮੀਨ=ਮੱਛੀ ਨੂੰ ਜੀਭ ਰਸ, ਭ੍ਰਿੰਗ=ਭੰਵਰ ਨੂੰ ਵਾਸ਼ਨਾ ਰਸ, ਪਤੰਗੇ ਨੂੰ ਰੂਪ ਵੇਖਣ ਦਾ ਰਸ,

ਕੁੰਚਰ=ਹਾਥੀ ਨੂੰ ਕਾਮ ਦਾ ਵਿਸ਼ਾ ਹੈ)। ਇਹ ਜੀਵ ਇਕ ਇਕ ਦੋਖ (ਦੋਸ਼, ਔਗੁਣ, ਕਮਜ਼ੋਰੀ) ਦੇ ਕਾਰਨ ਨਾਸ ਹੋ ਜਾਂਦੇ ਹਨ। ਆਦਮੀ ਵਿਚ ਇਹ ਪੰਜੇ ਦੋਸ਼ ਹਨ। ਉਹਦੇ ਬਚਾਉ ਦੀ ਕੀ ਆਸ ?

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਇਹ ਵੀ ਪੰਜ ਦੋਖ (ਦੋਸ਼, ਔਗੁਣ) ਮੰਨੇ ਹਨ। ਹਕੀਕਤ ਵਿਚ ਇਹ ਪੰਜੇ ਗੁਣ ਵੀ ਹਨ, ਜੇ ਮਰਯਾਦਾ ਦੇ ਅੰਦਰ ਰਹਿਣ। ਮਰਯਾਦਾ ਦੀ ਹੱਦ ਤੋਂ ਬਾਹਰ ਹੋ ਜਾਣ, ਤਾਂ ਇਹ ਔਗੁਣ ਬਣ ਜਾਂਦੇ ਹਨ।

ਪੰਚਾਲੀ—ਪੰਚਾਲ ਦੇਸ (ਪੰਜਾਬ) ਦੇ ਰਾਜਾ ਦ੍ਰੂਪਦ ਦੀ ਪੁੱਤਰੀ, ਪੰਜਾਂ ਪਾਂਡਵਾਂ ਦੀ ਪਤਨੀ। ਇਹ ਚੰਦ੍ਰਵੰਸ਼ੀ ਰਾਜਾ ਦ੍ਰੂਪਦ ਦੀ ਪੁੱਤਰੀ ਸੀ। ਇਸ ਦਾ ਅਸਲੀ ਨਾਮ 'ਕ੍ਰਿਸ਼ਨਾ' ਸੀ। ਦ੍ਰੂਪਦ ਦੀ ਲੜਕੀ ਹੋਣ ਕਰ ਕੇ ਇਸ ਨੂੰ 'ਦ੍ਰੋਪਦੀ' ਤੇ ਪੰਚਾਲ ਦੇਸ ਦੀ ਹੋਣ ਕਰਕੇ 'ਪੰਚਾਲੀ' ਕਹਿੰਦੇ ਸਨ। 'ਧ੍ਰਿਸ਼ਟ ਦਯੁਮਨ' ਤੇ 'ਸ਼ਿਖੰਡੀ' ਇਸ ਦੇ ਭਾਈ ਸਨ। ਦ੍ਰੂਪਦ ਦਾ ਨਾਮ 'ਯਗਯਸੰਨ' ਵੀ ਲਿਖਿਆ ਹੈ।

ਪੰਜ ਤੱਤ—ਅਕਾਸ, ਵਾਯੂ, ਅਗਨੀ, ਜਲ ਤੇ ਪ੍ਰਿਥਵੀ। ਇਹਨਾਂ ਪੰਜਾਂ ਤੱਤਾਂ ਤੋਂ ਅੱਗੇ ਪੰਝੀ ਪ੍ਰਕਿਰਤੀਆਂ ਮੰਨੀਆਂ ਗਈਆਂ ਹਨ। ਭਾਵ, ਹਰ ਤੱਤ ਦੇ ਪੰਜ ਪੰਜ ਗੁਣ।

੧ ਅਕਾਸ ਦੇ ਪੰਜ ਗੁਣ : ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।

੨ ਵਾਯੂ ਦੇ ਪੰਜ : ਚਲਣਾ, ਦੋੜਨਾ, ਕੁੱਦਣਾ, ਫੈਲਣਾ, ਸੁੰਗੜਨਾ।

੩ ਅੱਗ ਦੇ ਪੰਜ : ਤੇਜ, ਭੁੱਖ, ਤੇਹ, ਨੀਂਦ, ਆਲਸ।

੪ ਜਲ ਦੇ ਪੰਜ : ਵੀਰਜ, ਰੁਧਿਰ (ਲਹੂ), ਚਰਬੀ, ਪਸੀਨਾ, ਲਾਲਾਂ ।

੫ ਪ੍ਰਿਥਵੀ ਦੇ ਪੰਜ : ਰੋਮ, ਚਮੜੀ, ਨਾੜੀਆਂ, ਮਾਸ, ਹੱਡੀਆਂ ।

ਬਸਿਸਟ=ਵਸ਼ਿਸ਼ਟ– 'ਉਰਵਸ਼ੀ' ਅਪੱਛਰਾਂ ਨੂੰ ਵੇਖ ਕੇ 'ਮਿਤ੍ਰਾਵਰਣ' ਮੁਨੀ ਦਾ ਵੀਰਜ ਧਰਤੀ 'ਤੇ ਗਿਰ ਗਿਆ, ਜਿਸ ਤੋਂ 'ਵਸ਼ਿਸ਼ਟ' ਪੈਦਾ ਹੋਇਆ । ਇਹ ਰਾਜਾ 'ਨਿਮਿ' ਦਾ ਪ੍ਰੋਹਤ ਤੇ ਰਾਮ ਚੰਦਰ ਦਾ ਗੁਰੂ ਸੀ । ਇਹ ਵੇਦਾਂਤ ਦਾ ਪ੍ਰਚਾਰਕ ਤੇ 'ਵਿਸਵਾ ਮਿਤ੍ਰ' ਦਾ ਵਿਰੋਧੀ ਸੀ । ਵਸ਼ਿਸ਼ਟ ਦੀ ਪਤਨੀ 'ਅਰੁੰਧਤੀ' 'ਸੀਤਾ' ਦੀ ਸਹੇਲੀ ਸੀ ।

ਬੱਤੀ ਸੁਲੱਖਣਾ—ਵਿੱਦਵਾਨਾਂ ਨੇ ਇਸਤਰੀ ਪੁਰਸ਼ ਵਿਚ ਇਹ ਬਤੀ ਸ਼ੁਭ ਲੱਛਣ (ਲੱਖਣ) ਮੰਨੇ ਹਨ । 'ਸਕੰਦ ਪੁਰਾਣ' ਅਨੁਸਾਰ ਬੱਤੀ ਸ਼ੁਭ ਲੱਛਣ ਇਹ ਹਨ ।

ਪੰਜ (ਨੇਤਰ, ਜਬਾੜੇ, ਨੱਕ, ਵੱਖੀ, ਬਾਂਹੀਂ) ਦੀਰਘ= ਲੰਮੀਆਂ ।

ਪੰਜ (ਤੁਚਾ=ਖਲੜੀ, ਕੇਸ, ਉਂਘਲੀਆਂ, ਉਂਗਲਾਂ ਦੀਆਂ ਗੰਢਾਂ, ਦੰਦ) ਸੂਖ਼ਸ਼ਮ (ਕੋਮਲ) ।

ਸੱਤ (ਹਥੇਲੀ, ਪੈਰਾਂ ਦੇ ਤਲੇ, ਅੱਖਾਂ ਦੇ ਕੋਏ, ਤਾਲੂ, ਜੀਭ, ਬੁੱਲ੍ਹ, ਨੌਂਹ) ਲਾਲ ।

ਛੇ (ਕਮਰ ਦੀ ਹੱਡੀ, ਪੇਟ, ਪਸਲੀ, ਮੋਢੇ, ਹੱਥਾਂ ਦੇ ਉਪਰਲੇ ਪਾਸੇ, ਮੁੱਖ) ਉੱਚੇ ।

ਤਿੰਨ (ਮੱਥਾ, ਛਾਤੀ, ਕਮਰ) ਵਿਸਥਾਰ ਵਾਲੇ=ਚੌੜੇ ।

ਤਿੰਨ (ਗਰਦਨ, ਜੰਘਾਂ, ਲਿੰਗ) ਛੋਟੇ ।

ਤਿੰਨ (ਸੁਰ, ਨਾਭੀ, ਸੁਭਾਵ) ਗੰਭੀਰ ।

ਇਕ ਹੋਰ ਵਿੱਦਿਵਾਨ ਨੇ ਇਉਂ ਵਿਚਾਰ ਪਰਗਟ ਕੀਤੇ ਹਨ :

"ਸੁਕ੍ਰਿਤ ਪ੍ਰਮਾਣ ਕੁਲ ਰੂਪ ਕ੍ਰਿਯਾਵੰਤ ਸਦਾ,
ਸੱਜਨ ਸੁਬੁੱਧ ਸਤਯ ਸੀਲ ਵ੍ਰਤਧਾਰੀ ਹੈ ।
ਵਿਚੱਛਨ ਵਿਨਈ ਜਪੀ ਵਿਸ੍ਵਾਸਿ ਵੰਦਨੀਯ,
ਕਵਿ ਨਿਰਲੋਭ ਦਯਾ ਦਾਨੀ ਉਪਕਾਰੀ ਹੈ ।
ਤੁੱਛ ਨਿਦ੍ਰਾ ਇੰਦ੍ਰੀਜਿਤ ਸੁਚਿ ਪਰਕਾਸ਼ਬੁੱਧਿ,
ਹਰਿ ਗੁਰ ਮਾਤ ਪਿਤਾ ਭਕਤਿ ਪਿਆਰੀ ਹੈ ।
ਸ਼ਾਸਤ੍ਰਗਯ ਧਰਮਗਯ ਮਿਤਭੁਕ ਵਸ਼ਕਾਮ,
ਲੱਛਨ ਬਤੀਸ ਨਰ ਜਗਤ ਮਝਾਰੀ ਹੈ ।"

'ਲਾਲ' ਕਵੀ ਨੇ ਰਾਜਾ ਦੇ ਬੱਤੀ ਸ਼ੁਭ ਲਛਣ ਇਹ ਲਿਖੇ ਹਨ :

"ਸੁੰਦਰ ਸਲੱਜ ਸੁਧੀ ਸਾਹਸੀ, ਸੁਹਿਰਦ ਸਾਚੇ,
ਸੂਰੋ ਸ਼ੁਚਿ ਸਾਵਧਾਨ ਸ਼ਾਸਤ੍ਰਗਯ ਜਾਨੀਏ ।
ਉੱਦਮੀ ਉਦਾਰ ਗੁਨਗ੍ਰਾਹੀ ਔ ਗੰਭੀਰ 'ਲਾਲ'
ਸ਼ੁਧਮਨ ਧਰਮੀ ਛਮੀ ਸੁ ਤਤ੍ਰ ਗਯਾਨੀਏ ।
ਇੰਦ੍ਰਯਜਿਤ ਸਤਯਵਤ ਸੁਕ੍ਰਿਤੀ ਧ੍ਰਿਤੀ ਵਿਨੀਤ,
ਤੇਜਸੀ ਦਯਾਲੁ ਪ੍ਰੀਤਿ ਹਰਿ ਸੋਂ ਪ੍ਰਮਾਨੀਏ ।
ਲੋਭ ਛੋਭ ਹਿੰਸਾ ਕਾਮ ਕਪਟ ਗਰੂਰਤਾ ਨ,
ਲੱਛਨ ਬਤੀਸ ਏ ਛਿਤੀਸ ਕੇ ਬਖਾਨੀਏ ।"

ਇਸਤਰੀਆਂ ਦੇ ਬੱਤੀ ਉੱਤਮ ਲਛਣ ਇਹ ਮੰਨੇ ਹਨ :

੧ ਸੁੰਦਰਤਾ, ੨ ਸੁਛਤਾ, ੩ ਲੱਜਾ, ੪ ਚਤੁਰਾਈ, ੫ ਵਿੱਦਿਆ, ੬ ਪਤਿ ਭਗਤੀ, ੭ ਸੇਵਾ, ੮ ਦਯਾ, ੯ ਸਤਯ, ੧੦ ਪ੍ਰਿਯਬਾਣੀ (ਮਿਠ ਬੋਲੀ), ੧੧ ਪ੍ਰਸੰਨਤਾ, ੧੨ ਨਮਰਤਾ, ੧੩ ਨਿਸ਼ਕਪਟਤਾ, ੧੪ ਏਕਤਾ, ੧੫ ਧੀਰਜ, ੧੬ ਧਰਮਨਿਸ਼ਠਾ, ੧੭ ਸੰਯਮ, ੧੮ ਉਦਾਰਤਾ, ੧੯ ਗੰਭੀਰਤਾ, ੨੦, ਉੱਦਮ, ੨੧ ਸੂਰਵੀਰਤਾ, ੨੨ ਰਾਗ, ੨੩ ਕਾਵਯ, ੨੪ ਚਿਤ੍ਰ, ੨੫ ਔਸ਼ਧ, ੨੬ ਰਸੋਈ, ੨੭ ਸਿਲਾਈ, ੨੮ ਪਰੋਣਾ, ੨੯ ਘਰ ਦੀਆਂ ਚੀਜ਼ਾਂ ਦਾ ਯਥਾ ਯੋਗ ਸੁਆਰਨਾ ਸ਼ਿੰਗਾਰਨਾ, ੩੦ ਬਜ਼ੁਰਗਾਂ ਦਾ ਮਾਣ ਕਰਨਾ, ੩੧ ਘਰ ਆਏ ਪ੍ਰਾਹੁਣਿਆਂ ਦਾ ਯੋਗ ਸਤਕਾਰ ੩੨ ਸੰਤਾਨ ਦਾ ਚੰਗਾ ਪਾਲਨ।

ਬਧਿਕ=ਸ਼ਕਾਰੀ—ਜਾਦਵਾਂ ਦੀ ਖੈ ਪਿਛੋਂ ਭਗਵਾਨ ਕ੍ਰਿਸ਼ਨ ਇਕ ਦਰਖ਼ਤ ਥੱਲੇ ਜਾ ਲੇਟੇ। ਬਧਿਕ ਨੇ ਤੀਰ ਚਲਾਇਆ, ਜੋ ਕ੍ਰਿਸ਼ਨ ਜੀ ਦੇ ਪੈਰ ਵਿਚ ਲੱਗਾ। ਬਧਿਕ ਨੇੜੇ ਪੁੱਜਾ। ਉਸ ਨੇ ਮਿਰਗ ਸਮਝ ਕੇ ਤੀਰ ਚਲਾਇਆ ਸੀ। ਕ੍ਰਿਸ਼ਨ ਦੀ ਨਜ਼ਰ ਪੈਂਦਿਆਂ ਬਧਿਕ ਤਰ ਗਿਆ।

ਬ੍ਰਹਮਾ=ਬਰਮਾ—ਹਿੰਦੂ ਮਤ ਦੇ ਤਿੰਨ ਵੱਡੇ ਦੇਵਤਿਆਂ ਵਿਚੋਂ ਇਕ, ਜਿਸ ਦਾ ਕੰਮ ਜੀਵਾਂ ਦੀ ਉਤਪਤੀ ਕਰਨਾ ਹੈ।

ਬਰਾਹ=ਵਰਾਹ—ਹਿਰਨਯਾਕ ਦੈਂਤ ਪ੍ਰਿਥਵੀ ਨੂੰ ਡੋਬ ਕੇ ਪਾਤਾਲ ਲੈ ਗਿਆ। ਵਿਸ਼ਨੂੰ ਨੇ ਵਰਾਹ (ਸੂਰ) ਦਾ ਅਵਤਾਰ ਧਾਰ ਕੇ ਉਸ ਦੈਂਤ ਨਾਲ ਇਕ ਹਜ਼ਾਰ ਸਾਲ ਯੁਧ ਕੀਤਾ, ਤੇ ਦੈਂਤ ਨੂੰ ਮਾਰ ਕੇ ਪ੍ਰਿਥਵੀ ਨੂੰ ਉਸ ਦੇ ਟਿਕਾਣੇ ਲਿਆ ਕੇ ਟਿਕਾਇਆ। ਭਾਗਵਤ ਅਨੁਸਾਰ ਵਰਾਹ ਦੀ ਉਤਪਤੀ ਬ੍ਰਹਮਾ ਦੇ ਨੱਕ ਤੋਂ ਹੋਈ।

ਬਲਭਦ੍ਰ=ਬਲਰਾਮ—ਕ੍ਰਿਸ਼ਨ ਜੀ ਦਾ ਵੱਡਾ ਭਾਈ।

ਬਲ=ਬਲਿ—ਪ੍ਰਹਲਾਦ ਦਾ ਪੋਤਰਾ, ਵਿਰੋਚਨ ਦਾ ਪੁੱਤਰ, ਜੋ 'ਵਿੰਧਯਾਵਲੀ' ਦੇ ਪੇਟੋਂ ਹੋਇਆ। ਰਾਜਾ ਬਲਿ ਨੇ ਇੰਦਰ ਨੂੰ ਜਿੱਤ ਕੇ ਤਿੰਨਾਂ ਲੋਕਾਂ ਵਿਚ ਆਪਣਾ ਰਾਜ ਕਾਇਮ ਕਰ ਲਿਆ। ਦੇਵਤਿਆਂ ਦੀ ਬੇਨਤੀ ਮੰਨ ਕੇ ਵਿਸ਼ਨੂੰ 'ਵਾਮਨ ਅਵਤਾਰ' (ਵਉਣਾ ਰੂਪ ਧਾਰ ਕੇ) ਬਲਿ ਨੂੰ ਛਲਨ ਵਾਸਤੇ ਆਇਆ। ਪੰਡਤ ਦਾ ਵਉਣਾ ਰੂਪ ਧਾਰ ਕੇ ਉਸ ਨੇ ਬਲਿ ਤੋਂ ਢਾਈ ਕਰਮਾਂ ਥਾਂ ਕੁਟੀਆ ਵਾਸਤੇ ਮੰਗੀ। ਬਲਿ ਦਾ ਪ੍ਰੋਹਤ ਸੁਕ੍ਰ (ਸੁਕ੍ਰਾਚਾਰਯ) ਸੀ। ਇਸ ਨੂੰ ਦੈਂਤਾਂ ਦਾ ਪ੍ਰੋਹਤ ਮੰਨਿਆਂ ਜਾਂਦਾ ਹੈ। ਉਸ ਨੇ ਬਲਿ ਨੂੰ ਰੋਕਿਆ, ਕਿ ਇਸ ਨੂੰ ਦਾਨ ਨਾ ਦੇਹ। ਪਰ ਬਲਿ ਬਚਨ ਦੇ ਚੁੱਕਾ ਸੀ। ਬਲਿ ਦਾਨ ਦੀ ਚੁਲੀ ਛੱਡਣ ਲੱਗਾ, ਤਾਂ ਸੁਕ੍ਰ ਗੰਗਾ ਸਾਗਰ ਦੀ ਟੂਟੀ ਵਿਚ ਵੜ ਬੈਠਾ। ਪਾਣੀ ਕਢਣ ਵਾਸਤੇ ਬਲਿ ਨੇ ਟੂਟੀ ਵਿਚ ਤੀਲਾ ਫੇਰਿਆ, ਤਾਂ ਸੁਕ੍ਰ ਕਾਣਾ ਹੋ ਗਿਆ।

ਦਾਨ ਦੀ ਚੁਲੀ ਛੱਡਣ ਪਿਛੋਂ 'ਵਾਮਨ' ਨੇ ਦੇਹ ਵਧਾ ਕੇ ਦੋ ਕਰਮਾ ਵਿਚ ਰਾਜੇ ਦੀ ਸਾਰੀ ਧਰਤੀ ਮਿਣ ਲਈ। (ਪ੍ਰਿਥਵੀ ਤੇ ਆਕਾਸ਼)। ਰਾਜੇ ਨੇ ਆਪਣਾ ਪ੍ਰਣ ਪੂਰਾ ਕਰਨ ਬਦਲੇ ਆਪਣਾ ਸਰੀਰ ਪੇਸ਼ ਕੀਤਾ। ਵਾਮਨ (ਵਿਸ਼ਨੂੰ) ਨੇ ਉਸ ਨੂੰ ਪਾਤਾਲ ਨਿਘਾਰ ਦਿਤਾ ਤੇ ਓਥੋਂ ਦਾ ਰਾਜਾ ਬਣਾ ਦਿਤਾ। ਵਿਸ਼ਨੂੰ ਹੁਣ ਉਸ ਦਾ ਦਵਾਰਪਾਲ ਬਣ ਕੇ ਉਸ ਦੇ ਬੂਹੇ 'ਤੇ ਪਹਿਰਾ ਦੇਂਦਾ ਹੈ। ਕੁਛ ਵਿੱਦਿਵਾਨਾਂ ਦਾ ਖ਼ਿਆਲ ਹੈ, ਕਿ ਤਿੰਨੇ ਵੱਡੇ ਦੇਵਤੇ (ਬ੍ਰਹਮਾ, ਵਿਸ਼ਨੁ, ਮਹੇਸ਼) ਚਾਰ ਚਾਰ ਮਹੀਨੇ ਵਾਰੀ ਨਾਲ ਪਹਿਰਾ ਦੇਂਦੇ ਹਨ।

ਇਸ ਬਾਰੇ 'ਰਹੀਮ' ਦਾ ਇਕ ਦੋਹਾ ਬੜਾ ਸੁੰਦਰ ਹੈ :

"ਰਹਿਮਨ, ਜਾਚਕਤਾ ਗਹੇ ਬੜੇ ਛੋਟ ਹ੍ਵੈ ਜਾਤ ।
ਨਾਰਾਇਣ ਹੂੰ ਕੋ ਭਯੋ ਬਾਵਨ ਆਂਗੁਰ ਗਾਤ ।"

ਬਲਵੰਡ—ਵੇਖੋ ਸੱਤਾ ਬਲਵੰਡ ।

ਬਾਸਦੇਵ—ਵੇਖੋ ਵਾਸਦੇਵ ।

ਬਾਣੀਆਂ ਚਾਰ—ਵੇਖੋ ਚਾਰ ਬਾਣੀਆਂ ।

ਬਾਲਮੀਕ—ਵੇਖੋ ਵਾਲਮੀਕ ।

ਬਾਵਨ—ਵਾਮਨ ਅਵਤਾਰ : ਵੇਖੋ ਬਲਿ ।

ਬਿਆਧ—ਵੇਖੋ ਤਿੰਨ ਤਾਪ ।

ਬਿਸਨ=ਵਿਸਨੁ=ਵਿਸ਼ਨੂੰ—ਹਿੰਦੂ ਮੱਤ ਦਾ ਸਭ ਤੋਂ ਵੱਡਾ ਦੇਵਤਾ। ਈਸ਼ਵਰ .

ਬਿਸਵੰਭਰ=ਬਿਸ੍ਵੰਭਰ—ਜਗਤ ਦੀ ਪਾਲਣਾ ਕਰਨ ਵਾਲਾ. ਈਸ਼ਵਰ ।

ਬਿਹਾਰੀ—ਵਿਹਾਰ ਕਰਨ ਵਾਲਾ, ਵਿਚਰਣ ਵਾਲਾ, ਈਸ਼ਵਰ ।

ਬਿਦਰ=ਦਾਸੀ ਸੁਤ—ਧ੍ਰਿਤਰਾਸ਼ਟਰ ਤੇ ਪਾਂਡੂ ਦਾ ਭਰਾ । ਵੇਖੋ ਪਾਂਡਵ ।

ਬਿਰੰਚ=ਬਿਰੰਚਿ—ਜੀਵ ਰਚਨਾ ਕਰਨ ਵਾਲਾ, ਬ੍ਰਹਮਾ ।

ਬੇਦ=ਵੇਦ—ਹਿੰਦੂ ਮੱਤ ਦੇ ਸਭ ਤੋਂ ਪ੍ਰਮੁਖ ਗ੍ਰੰਥ, ਜੋ ਗਿਣਤੀ ਵਿਚ ਚਾਰ ਹਨ :

ਰਿਗ ਵੇਦ (ਆਕਾਰ ਵਿਚ ਇਹ ਬਾਕੀ ਤਿੰਨਾਂ ਵੇਦਾਂ ਦੇ ਬਰਾਬਰ ਹੈ), ਯਜੁਰ ਵੇਦ, ਸਾਮ ਵੇਦ, ਅਥਰਵ ਵੇਦ । ਇਸ ਨੂੰ ਕਈ ਥਾਂਈਂ ਵੇਦ 'ਅਥਰਵਣ' ਲਿਖਿਆ ਹੈ ।

ਬੇਦ ਬਿਆਸ=ਵੇਦ ਵਿਆਸ—ਚੇਦਿ ਦੇ ਰਾਜਾ ਉਪਰਿਚਰ (ਵਸੁ) ਦੇ ਵੀਰਜ ਤੋਂ ਮੱਛੀ ਦੇ ਪੇਟੋਂ ਕੰਨਿਆਂ ਪੈਦਾ ਹੋਈ। ਜਿਸ ਦਾ ਨਾਮ

'ਮਤਸਯੋਦਰੀ' ਪਿਆ, ਭਾਵ : ਮੱਛੀ ਦੇ ਉਦਰ (ਪੇਟ) ਤੋਂ ਪਦਾ ਹੋਣ ਵਾਲੀ। ਇਸ ਮੱਛੀ ਬਾਰੇ ਲਿਖਿਆ ਹੈ, ਕਿ ਇਹ 'ਅਦ੍ਰਿਕਾ' ਨਾਮ ਦੀ ਅਪੱਛਰਾਂ ਸੀ, ਜੋ ਬ੍ਰਹਮਾ ਦੇ ਸਰਾਪ ਨਾਲ ਮੱਛੀ ਬਣ ਕੇ ਰਹਿੰਦੀ ਸੀ।

ਮਤਸਯੋਦਰੀ (ਮਛੋਦਰੀ) ਨੂੰ ਮਲਾਹਾਂ ਨੇ ਪਾਲਿਆ। ਜਵਾਨ ਕੁਆਰੀ ਮਤਸੋਦਰੀ 'ਪਰਾਸ਼ਰ' ਰਿਖੀ ਨੂੰ ਬੇੜੀ ਵਿਚ ਦਰਿਆਓਂ ਪਾਰ ਕਰਨ ਗਈ। ਸਰਾਪ ਦਾ ਭੈ ਦੇ ਕੇ ਪਰਾਸ਼ਰ ਨੇ ਮਤਸੋਦਰੀ ਦਾ ਸਤ ਭੰਗ ਕੀਤਾ, ਜਿਸ ਕਾਰਨ ਉਸ ਨੂੰ ਗਰਭ ਠਹਿਰ ਗਿਆ। ਮਤਸੋਦਰੀ ਦੇ ਕਈ ਨਾਮ ਪਰਚਲਤ ਹਨ : ਜਿਵੇਂ ਮਛੋਦਰੀ, ਮਤਸਗੰਧਾ, ਯੋਜਨਗੰਧਾ, ਗੰਧਕਾਲੀ, ਗੰਧਵਤੀ, ਕਾਲਾਂਗਨੀ, ਤੇ ਸਤਯਵਤੀ।

ਮਾਪਿਆਂ ਤੋਂ ਡਰਦੀ ਮਛੋਦਰੀ ਨੇ ਜਮਨਾ ਦੇ ਇਕ ਟਾਪੂ ਉਤੇ ਬੱਚੇ ਨੂੰ ਜਨਮ ਦਿਤਾ। ਜਿਸ ਦਾ ਰੰਗ ਬਹੁਤ ਕਾਲਾ ਸੀ। ਇਸ ਵਾਸਤੇ ਇਸ ਦਾ ਨਾਮ 'ਕ੍ਰਿਸ਼ਨ' ਪਿਆ। ਉਹ ਦੋ ਪਾਣੀਆਂ ਦੇ ਵਿਚ (ਇਕ ਟਾਪੂ ਉਤੇ) ਜਨਮਿਆਂ ਸੀ, ਇਸ ਲਈ ਦ੍ਵੈਪਾਇਨ ਨਾਮ ਹੋਇਆ। ਦੋਵੇਂ ਸ਼ਬਦ ਮਿਲ ਕੇ ਨਾਮ 'ਕ੍ਰਿਸ਼ਨ ਦ੍ਵੈਪਾਇਨ' ਬਣ ਗਿਆ।

ਵੇਦਾਂ ਦੀ ਵੰਡ ਤੇ ਪੁਰਾਣਾਂ ਦੀ ਕਥਾ ਦਾ ਵਿਸਥਾਰ ਕਰਨ ਕਰ ਕੇ ਨਾਮ 'ਵੇਦ ਵਿਆਸ' ਪ੍ਰਸਿਧ ਹੋ ਗਿਆ। ਏਹਾ ਰਿਖੀ 'ਮਹਾ ਭਾਰਤ' ਦਾ ਕਰਤਾ ਹੈ। ਛੇਵਾਂ ਸ਼ਾਸਤਰ 'ਵੇਦਾਂਤ' ਵੀ ਇਸੇ ਦੀ ਰਚਨਾ ਹੈ। ਧ੍ਰਿਤਰਾਸ਼ਟਰ, ਪਾਂਡੂ ਤੇ ਬਿਦਰ ਏਸੇ ਦੇ ਪੁੱਤਰ ਸਨ। ਵੇਖੋ ਪਾਂਡਵ।

ਭਗਤੀ—ਵੇਖੋ ਨੌਧਾ ਭਗਤੀ।

ਭਗੀਰਥ—ਮਹਾਭਾਰਤ ਅਨੁਸਾਰ ਸੂਰਜਵੰਸ਼ੀ ਅਯੁੱਧਿਆ ਦੇ ਰਾਜਾ ਦਿਲੀਪ ਦਾ ਪੁੱਤਰ। ਇਹ ਰਾਜਾ 'ਸਗਰ' ਦਾ ਬੰਸ ਵਿਚੋਂ ਸੀ। ਭਗੀਰਥ ਨੇ ਹਿਮਾਲੀਆ ਦੇ 'ਗੋਕਰਣ' ਅਸਥਾਨ 'ਤੇ ਕਠਨ ਤਪ ਕਰ ਕੇ ਬ੍ਰਹਮਾ ਤੋਂ ਵਰ ਮੰਗਿਆ। ਬ੍ਰਹਮਾ ਨੇ ਕਿਹਾ, ਅਕਾਸ਼ ਤੋਂ ਉੱਤਰੀ ਗੰਗਾ ਨੂੰ ਸ਼ਿਵ ਜੀ ਤੋਂ ਬਿਨਾਂ ਕੋਈ ਝੱਲ ਨਹੀਂ ਸਕੇਗਾ। ਫਿਰ ਭਗੀਰਥ ਨੇ ਤਪ ਕਰ ਕੇ ਸ਼ਿਵ ਨੂੰ ਮਨਾਇਆ। ਸ਼ਿਵ ਨੇ ਆਪਣਾ ਜੜਾਵਾਂ ਦਾ ਜੂੜਾ ਏਨਾ ਫੈਲੋਂ ਲਿਆ, ਕਿ ਅਕਾਸ਼ ਤੋਂ ਉਤਰੀ ਗੰਗਾ ਇਕ ਹਜ਼ਾਰ ਸਾਲ ਉਸ ਜੂੜੇ ਵਿਚੋਂ ਬਾਹਰ ਨਿਕਲਣ ਦਾ ਰਾਹ ਨਾ ਲੱਭ ਸੱਕੀ। ਫਿਰ ਭਗੀਰਥ ਦੀ ਮੰਨ ਕੇ ਸ਼ਿਵਾਂ ਨੇ ਗੰਗਾ ਨੂੰ ਜੜਾਵਾਂ ਵਿਚੋਂ ਨਿਕਲਣ ਦਿਤਾ। ਉਸ ਦੇ ਸੱਤ ਪ੍ਰਵਾਹ ਬਣ ਕੇ ਨਿਕਲੇ। ਹ੍ਰਾਦਨੀ, ਪਾਵਿਨੀ ਤੇ ਨਲਿਨੀ, ਇਹ ਤਿੰਨ ਪੂਰਵ ਵੱਲ ਨਿਕਲੇ। ਵੰਸ਼, ਸੀਤਾ, ਤੇ ਸਿੰਧੂ, ਇਹ ਤਿੰਨੇ ਪੱਛਮ ਵੱਲ ਵਹਿ ਤੁਰੇ। ਇਕ ਪ੍ਰਵਾਹ ਭਗੀਰਥ ਦੇ ਰਥ ਦੇ ਪਹੀਆਂ ਦੀ ਲੀਹ 'ਤੇ ਤੁਰਿਆ। ਏਸੇ ਦਾ ਨਾਮ ਗੰਗਾ ਹੈ, ਤੇ ਭਗੀਰਥ ਦੇ ਕਾਰਨ 'ਭਗੀਰਥੀ' ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ 'ਸਗਰ' ਦੇ ਸੱਠ ਹਜ਼ਾਰ ਪੁੱਤਰਾਂ ਦੀ ਕਲਿਆਣ ਹੋਈ।

ਭੱਟ—ਬ੍ਰਹਮਵੈਵਰਤ ਪੁਰਾਣ ਅਨੁਸਾਰ ਇਹ ਵੈਸ ਜਾਤੀ ਦੀ ਇਸਤਰੀ ਤੋਂ ਸ਼ੂਦਰ ਦੀ ਅੰਸ ਸੀ। ਪਰ ਕੁਛ ਗ੍ਰੰਥਕਾਰਾਂ ਨੇ ਬ੍ਰਹਿਮਣੀ ਦੀ ਕੁੱਖ ਤੋਂ ਛੱਤਰੀ ਦੀ ਅੰਸ ਲਿਖਿਆ ਹੈ। ਸੂਰਜ ਪ੍ਰਕਾਸ਼ ਦਾ ਕਰਤਾ ਭੱਟਾਂ ਬਾਰੇ ਲਿਖਦਾ ਹੈ, ਕਿ ਚਾਰੇ ਵੇਦ ਭੱਟਾਂ ਦਾ ਰੂਪ ਧਾਰ ਕੇ ਗੁਰੂ ਸਾਹਿਬਾਨ ਦੀ ਉਸਤਤ ਕਰਨ ਆਏ (ਸ਼ਰਧਾ ਤੇ ਅੰਧ

ਵਿਸ਼ਵਾਸ) ।

ਭੱਟ ਸ਼੍ਰੇਣੀ ਦਾ ਕਿੱਤਾ ਸੀ ਰਾਜਿਆਂ ਮਹਾਰਾਜਿਆਂ ਤੇ ਗੁਰੂਆਂ ਅਵਤਾਰਾਂ ਦੀ ਉਸਤਤ ਕਰਨਾ ।

ਕੁਛ ਵਿੱਦਿਵਾਨਾਂ ਦੀ ਰਾਏ ਹੈ, ਕਿ ਭੱਟ ਭਗੀਰਥ ਦੀ ਅੰਸ ਸਨ ।

ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਗਿਆਰਾਂ ਭੱਟਾਂ ਦੀ ਬਾਣੀ ਦਰਜ ਹੈ, ਜੋ ਪਹਿਲੇ ਪੰਜਾਂ ਗੁਰਾਂ ਦੀ ਉਸਤਤ ਵਜੋਂ ਹੈ ।

੧. ਕਲਸਹਾਰ (ਕਿਤੇ ਇਹ ਆਪਣਾ ਨਾਮ 'ਕੱਲ' ਤੇ ਕਿਤੇ 'ਟੱਲ' ਵੀ ਲਿਖਦਾ ਹੈ ।)

੨. ਜਾਲਪ, ਇਸ ਦਾ ਦੂਸਰਾ ਨਾਮ 'ਜੱਲ' ਵੀ ਹੈ ।

੩. ਕੀਰਤ, ੪. ਭਿੱਖਾ, ੫. ਸੱਲ੍ਹ, ੬. ਭੱਲ, ੭. ਨੱਲ, ੮. ਗਯੰਦ, ੯. ਮਥੁਰਾ, ੧੦. ਬੱਲ, ੧੧. ਹਰਬੰਸ ।

ਭਬੀਖਣ=ਭਭੀਖਣ=ਵਿਭੀਸ਼ਣ—ਇਹ ਰਾਵਣ ਦਾ ਛੋਟਾ ਭਾਈ ਸੀ । ਇਹ ਸ਼ਿਵ ਦੀ ਸਲਾਹ ਮੰਨ ਕੇ ਰਾਮ ਚੰਦਰ ਦੀ ਸ਼ਰਣ ਆ ਗਿਆ । ਰਾਵਣ ਨੂੰ ਮਾਰ ਕੇ ਰਾਮ ਚੰਦਰ ਨੇ ਰਾਜ ਭਭੀਖਣ ਨੂੰ ਦੇ ਦਿਤਾ ।

ਭਵਨ ਚੌਦਾਂ—ਵੇਖੋ ਚੌਦਾਂ ਭਵਨ ।

ਭਵਾਨੀ—ਭਵ (ਸ਼ਿਵ) ਦੀ ਇਸਤਰੀ, ਦੁਰਗਾ ।

ਭੈਰਉ=ਭੈਰਵ—ਸ਼ਿਵ, ਰੁਦਰ । ਰੁਦਰ ਦਾ ਇਕ ਰੂਪ, ਜੋ ਕੁੱਤੇ ਦੀ ਅਸਵਾਰੀ ਕਰਦਾ ਹੈ ।

ਪੁਰਾਣਾਂ ਵਿਚ ਇਸ ਦੇ ਅੱਠ ਰੂਪ ਲਿਖੇ ਹਨ :

ਅਸਿਤਾਂਗ, ਸੰਹਾਰ, ਰੁਰੁ, ਕਾਲ, ਕ੍ਰੋਧ, ਤਾਮ੍ਰਚੂੜ, ਚੰਦ੍ਰਚੂੜ,

ਮਹਾਨ।

ਮਹਾਦੇਉ=ਮਹਾਦੇਵ—ਸ਼ਿਵ।

ਮਹਾ ਮਾਈ—ਲਛਮੀ, ਦੁਰਗਾ।

ਮਹਿਖਾਸਰ=ਮਹਿਖਾ ਅਸੁਰ—ਝੋਟੇ ਦੀ ਸ਼ਕਲ ਦਾ ਇਕ ਦੈਤ। ਇਹ ਰੰਭ ਦੈਂਤ ਦੇ ਵੀਰਜ ਤੋਂ ਮੱਝ ਤੋਂ ਪੈਦਾ ਹੋਇਆ ਸੀ। ਇਸ ਨੂੰ ਦੁਰਗਾ ਨੇ ਮਾਰਿਆ ਸੀ।

ਮਹੇਸ=ਮਹਾ ਈਸ਼—ਸ਼ਿਵ। ਈਸ਼ਵਰ।

ਮੱਛ—ਵੇਖੋ ਅਵਤਾਰ।

ਮਧਸੂਦਨ=ਮਧੁਸੂਦਨ—ਮਧੁ ਦੈਂਤ ਨੂੰ ਮਾਰਨ ਵਾਲਾ, ਵਿਸ਼ਨੂੰ। ਈਸ਼ਵਰ।

ਮਧਕੀਟ—ਮਧੁ ਤੇ ਕੈਟਭ ਦੋਨੋ ਦੈਂਤ ਤੇ ਭਾਈ। ਮਹਾ ਭਾਰਤ ਤੇ ਰਾਮਾਇਣ ਅਨੁਸਾਰ ਵਿਸ਼ਨੂੰ ਜਲ ਵਿਚ ਸੌਂ ਰਿਹਾ ਸੀ। ਉਸ ਦੇ ਕੰਨਾਂ ਵਿਚੋਂ (ਕੰਨਾਂ ਦੀ ਮੈਲ ਵਿਚੋਂ) ਇਹ ਦੋਵੇਂ ਦੈਂਤ ਉਪਜੇ। ਬ੍ਰਹਮਾ ਅਜੇ ਕਮਲ ਦੀ ਨਾਭੀ ਵਿਚੋਂ ਪਰਗਟ ਹੋ ਰਿਹਾ ਸੀ, ਜਾਂ ਇਹ ਦੋਵੇਂ ਦੈਂਤ ਉਸ ਨੂੰ ਖਾਣ ਨੂੰ ਪੈ ਗਏ। ਬ੍ਰਹਮਾ ਨੇ ਵਿਸ਼ਨੂੰ ਦੀ ਅਰਾਧਨਾ ਕੀਤੀ। ਵਿਸ਼ਨੂੰ ਨੇ ਯੁੱਧ ਕਰ ਕੇ ਦੋਹਾਂ ਨੂੰ ਮਾਰਿਆ।

ਮਾਂਧਾਤਾ=ਮਾਨਧਾਤਾ—ਇਹ ਇਖਵਾਕੂਵੰਸ਼ੀ ਰਾਜਾ 'ਯੁਵਨਾਸ੍ਵ' ਦਾ ਪੁੱਤਰ ਸੀ। 'ਹਰਿਵੰਸ਼' ਅਨੁਸਾਰ ਇਹ 'ਗੋਰੀ' ਦੇ ਪੇਟ ਤੋਂ ਪੈਦਾ ਹੋਇਆ। ਪਰ 'ਵਿਸ਼ਨੁਪੁਰਾਣ' ਤੇ 'ਭਾਗਵਤ' ਦੀ ਲਿਖਤ ਅਨੁਸਾਰ ਇਹ 'ਯੁਵਨਾਸ੍ਵ' ਦੀ ਵੱਖੀ ਪਾੜ ਕੇ ਪੈਦਾ ਹੋਇਆ।

ਮਾਰਕੰਡੇ=ਮਾਰਕੰਡਾ=ਮਾਰਕੰਡੇਯ—'ਮਨਸ੍ਵਿਨੀ' ਦੇ ਪੇਟ ਤੋਂ 'ਮ੍ਰਿਕੰਡੁ' ਰਿਖੀ ਦਾ ਪੁੱਤਰ। ਤਪ ਦੇ ਬਲ ਨਾਲ ਰਿਖੀ ਨੇ ਜਾਣ ਲਿਆ, ਕਿ

ਇਹ ਬਾਲਕ ਬਾਰਾਂ ਸਾਲ ਦਾ ਹੋ ਕੇ ਮਰ ਜਾਇਗਾ। ਮਾਤਾ ਪਿਤਾ ਤੋਂ ਇਹ ਗੱਲ ਸੁਣ ਕੇ ਮਾਰਕੰਡੇ ਨੇ ਐਸਾ ਤਪ ਕੀਤਾ, ਕਿ ਵਿਸ਼ਨੂੰ ਤੋਂ ਲੰਮੀ ਉਮਰ ਦਾ ਵਰ ਲੈ ਲਿਆ। ਮਾਰਕੰਡੇ ਦੀ ਇਸਤਰੀ 'ਧੂਮਾਵਤੀ' ਵਿਚੋਂ 'ਵੇਦਸ਼ਿਰਾ' ਪੁੱਤਰ ਹੋਇਆ। ਕਹਾਵਤ ਪ੍ਰਚਲਤ ਹੈ, ਕਿ ਗ੍ਰਿਸਤ' ਹੁੰਦਿਆਂ ਵੀ ਮਾਰਕੰਡੇ ਨੇ ਵੱਸਣ ਵਾਸਤੇ ਛੱਪਰੀ ਤਕ ਨਹੀਂ ਸੀ ਬਣਾਈ। ਬਾਰਸ਼ ਜਾਂ ਸਰਦੀ ਦੇ ਬਚਾਉ ਤੋਂ ਸਿਰ 'ਤੇ ਕੱਖ ਕਾਨ ਰੱਖ ਲੈਂਦਾ ਸੀ।(ਭਾਵ,ਕਾਨਿਆਂ ਦੀ ਛੱਪਰੀ ਹੀ ਸੀ)

ਮੁਕਤੀਆਂ—ਵੇਖੋ ਚਾਰ ਮੁਕਤੀਆਂ।

ਮੁਰਾਰੀ—ਮੁਰ+ਅਰੀ, ਮੁਰ ਦੈਂਤ ਨੂੰ ਮਾਰਨ ਵਾਲਾ, ਕ੍ਰਿਸ਼ਨ।

ਰਕਤਬੀਜ—ਇਕ ਦੈਂਤ, ਜੋ ਸ਼ੁੰਭ ਦੈਂਤ ਦਾ ਸੈਨਾਪਤੀ ਸੀ। ਇਸ ਦੇ ਲਹੂ ਦੀਆਂ ਜਿੰਨੀਆਂ ਬੂੰਦਾਂ ਧਰਤੀ 'ਤੇ ਡਿਗਣ, ਓਨੇ ਦੈਂਤ ਪੈਦਾ ਹੋ ਜਾਂਦੇ ਸਨ। ਮਾਰਕੰਡੇਯ ਪੁਰਾਣ ਅਨੁਸਾਰ ਇਸ ਨੂੰ ਦੁਰਗਾ ਤੇ ਕਾਲੀ ਨੇ ਰਲ ਕੇ ਮਾਰਿਆ ਸੀ। ਚੰਡੀ ਨੇ ਇਸ ਨੂੰ ਮਾਰਿਆ ਤੇ ਕਾਲੀ ਨੇ ਸਾਰਾ ਲਹੂ ਪੀ ਲਿਆ।

ਰਘੁਨਾਥ—'ਸੁਦਕਸ਼ਣਾ' ਦੇ ਪੇਟ ਤੋਂ 'ਦਲੀਪ' ਦਾ ਪੁੱਤਰ, ਅਤੇ ਰਾਜਾ 'ਅਜ' ਦਾ ਪਿਤਾ, ਸੂਰਜਵੰਸ਼ੀ ਅਯੁੱਧਿਆ ਦਾ ਰਾਜਾ। ਇਸ ਤੋਂ 'ਰਘੁ ਵੰਸ਼' ਚੱਲਿਆ। ਇਸੇ ਵੰਸ਼ ਵਿਚੋਂ ਰਾਮ ਚੰਦਰ ਜੀ ਹੋਏ। ਰਾਮ ਚੰਦਰ ਜੀ ਨੂੰ ਰਘੁਨਾਥ ਵੀ ਕਹਿੰਦੇ ਹਨ। ਬਾਣੀ ਵਿਚ ਇਹ ਸਬਦ ਈਸ਼ਵਰ ਵਾਸਤੇ ਵੀ ਆਉਂਦਾ ਹੈ।

ਰਤਨ—ਵੇਖੋ ਚੌਦਾਂ ਰਤਨ।

ਰਾਮ—ਰਾਜਾ ਦਸ਼ਰਥ ਦਾ ਪੁੱਤਰ, ਸੀਤਾ ਦਾ ਪਤੀ, ਵਿਸ਼ਨੂੰ ਦਾ ਅਵਤਾਰ।

ਰਾਮ ਚੰਦਰ ਜੀ ਦੀ ਬੰਸਾਵਲੀ 'ਵਾਲਮੀਕੀ ਰਾਮਾਇਣ ਵਿਚ ਇਉਂ ਲਿਖੀ ਹੈ : ਸੂਰਜ ਦਾ ਪੁੱਤਰ 'ਮਨੁ', ਮਨੁ ਦਾ 'ਇਖਵਾਕ', (ਇਖਵਾਕ ਨੇ ਅਯੁੱਧਿਆ ਪੁਰੀ ਵਸਾਈ।) ਅੱਗੇ ਇਖਵਾਕ ਦਾ 'ਕੁਖਿ', ਕੁਖਿ ਦਾ 'ਵਿਕੁਖਿ', ਉਸਦਾ 'ਵਾਣ', ਉਸਦਾ 'ਅਨਰਣਯ', ਉਸ ਦਾ 'ਪ੍ਰਿਥ', ਉਸ ਦਾ 'ਤ੍ਰਿਸ਼ੰਕੁ' ਉਸ ਦਾ 'ਧੁੰਧਮਾਰ', ਉਸ ਦਾ 'ਯਵਨਾਸ੍ਵ', ਉਸ ਦਾ 'ਮਾਂਧਾਤਾ', ਉਸ ਦਾ 'ਸੁਸੰਧਿ' ਉਸ ਦਾ 'ਧ੍ਰਵਸੰਧਿ', ਉਸ ਦਾ 'ਭਰਤ', ਉਸ ਦਾ 'ਅਸਿਤ', ਉਸਦਾ 'ਸਗਰ' ਉਸ ਦਾ 'ਅਸਮੰਜਸ', ਉਸ ਦਾ 'ਅੰਸ਼ੁਮਾਨ', ਉਸਦਾ 'ਦਲੀਪ', ਉਸ ਦਾ 'ਭਗੀਰਥ', ਉਸ ਦਾ 'ਕਕੁਤਸਥ', ਉਸ ਦਾ 'ਰਘੁ' (ਜਿਸ ਤੋਂ ਰਘੁ ਵੰਸ਼ ਚੱਲਿਆ), 'ਰਘੁ' ਦਾ 'ਪ੍ਰਵ੍ਰਿਧ' (ਜਿਸ ਦੇ 'ਪੁਰਸਾਦ' ਤੇ 'ਕਲਮਾਸ਼ਪਾਦ' ਨਾਮ ਵੀ ਹਨ)। 'ਪ੍ਰਵ੍ਰਿਧ' ਦਾ 'ਸੰਖਣ', ਉਸ ਦਾ 'ਸੁਦਰਸ਼ਨ', ਉਸ ਦਾ 'ਅਗਨਿਵਰਣ', ਉਸ ਦਾ 'ਸ਼ੀਘ੍ਰਗ', ਉਸ ਦਾ 'ਮਰੁ', ਉਸ ਦਾ 'ਪ੍ਰਸ਼ੁਸ਼੍ਰਕ', ਉਸ ਦਾ 'ਅੰਬਰੀਸ਼', ਉਸਦਾ 'ਨਹੁਸ਼', ਉਸ ਦਾ 'ਯਯਾਤਿ', ਉਸ ਦਾ 'ਨਾਭਾਗ', ਉਸ ਦਾ 'ਅਜ', ਉਸ ਦਾ ਦਸ਼ਰਥ, ਤੇ ਦਸ਼ਰਥ ਦੇ ਪੁੱਤਰ 'ਰਾਮ', 'ਭਰਤ', 'ਲਛਮਣ' ਤੇ 'ਸ਼ਤ੍ਰਘਨ'।

ਰਾਵਣ—ਰਾਮਾਇਣ ਅਨੁਸਾਰ 'ਸਮਾਲੀ' ਰਾਖਸ਼ ਦੀ ਪੁੱਤਰੀ 'ਕੈਕਸੀ' (ਇਸੇ ਦਾ ਨਾਮ 'ਕੇਸ਼ਿਨੀ' ਤੇ 'ਨਿਕਸ਼ਾ' ਵੀ ਲਿਖਿਆ ਹੈ) ਸੰਝ ਵੇਲੇ 'ਵਿਸ਼੍ਰਵਾ' ਪਾਸ ਪਹੁੰਚੀ। ਸੰਝ ਸਮੇਂ ਸੰਭੋਗ ਹੋਣ ਕਾਰਨ ਉਹਨਾਂ ਵਿਚੋਂ ਬੜੇ ਭਯੰਕਰ ਪੁੱਤਰ 'ਰਾਵਣ' ਤੇ 'ਕੁੰਭਕਰਣ' ਪੈਦਾ ਹੋਏ। ਤੀਸਰੀ ਉਹਨਾਂ ਦੀ ਭੈਣ 'ਸੂਰਪਣਖਾ' ਜਨਮੀ। 'ਕੈਕਸੀ' ਦੀ ਪ੍ਰਾਰਥਨਾ ਮੰਨ ਕੇ 'ਵਿਸ਼੍ਰਵਾ' ਨੇ ਇਕ ਸੀਲ ਸੁਭਾਉ ਵਾਲਾ

ਪੁੱਤਰ 'ਵਿਭੀਸ਼ਣ' ਵੀ ਉਸ ਨੂੰ ਬਖ਼ਸ਼ਿਆ। ਰਾਵਣ ਦੇ ਦਸ ਸਿਰ ਤੇ ਵੀਹ ਬਾਂਹਾਂ ਸਨ। ਰਾਵਣ ਨੇ ਤਪ ਕਰ ਕੇ ਬ੍ਰਹਮਾ ਤੋਂ ਸਾਰਾ ਜਗਤ ਜਿੱਤਣ ਦਾ ਵਰ ਮੰਗਿਆ। ਫਿਰ ਰਾਵਣ ਆਪਣੇ ਮਤੇਰ ਭਰਾ 'ਕੁਬੇਰ' ਨੂੰ ਲੰਕਾ ਵਿਚੋਂ ਕਢ ਕੇ ਆਪ ਰਾਜਾ ਬਣ ਬੈਠਾ। ਰਾਵਣ ਨੇ ਉਸ ਤੋਂ 'ਪੁਸ਼ਪਕ ਵਿਮਾਨ' ਵੀ ਖੁਹ ਲਿਆ। ਰਾਵਣ ਨੇ ਕਈ ਇਸਤਰੀਆਂ ਵਿਆਹੀਆਂ। ਸਭ ਤੋਂ ਸ਼ਿਰੋਮਣੀ 'ਮਯ' ਦਾਨਵ ਦੀ ਪੁਤਰੀ 'ਮੰਦੋਦਰੀ' ਸੀ, ਜਿਸ ਵਿਚੋਂ ਇੰਦ੍ਰਜਿਤ (ਮੇਘਨਾਦ) ਜਨਮਿਆਂ।

ਰਾਮਾਇਣ ਵਿਚ ਰਾਵਣ ਦੀ ਫ਼ੌਜ ਦਸ ਖਰਬ, ਛੇਤਾਲੀ ਹਜ਼ਾਰ ਤੇ ਇਕ ਸੌ ਲਿਖੀ ਹੈ। (ਅੱਤ ਕਥਨੀ, ਇਸ ਵੇਲੇ ਸਾਰੇ ਸੰਸਾਰ ਦੀ ਆਬਾਦੀ ਤਿਨ ਅਰਬ ਦੇ ਲਗਭਗ ਹੈ।)

ਸੰਸਕ੍ਰਿਤ ਤੇ ਵਦਾਂ ਦਾ ਗਿਆਤਾ ਹੋਣ ਕਰ ਕੇ ਰਾਵਣ 'ਪੰਡਿਤ' ਮੰਨਿਆਂ ਜਾਂਦਾ ਸੀ। ਮਗਰ ਭੈੜਾ ਸੁਭਾਉ ਹੋਣ ਕਰ ਕੇ ਰਾਖਸ਼ ਪ੍ਰਸਿੱਧ ਹੋਇਆ।

ਰਾਵਣ ਸੀਤਾ ਨੂੰ ਚੁਕ ਕੇ ਲੈ ਗਿਆ। ਇਸ ਕਾਰਨ ਯੁੱਧ ਵਿਚ ਰਾਵਣ ਰਾਮ ਚੰਦਰ ਹੱਥੋਂ ਮਾਰਿਆ ਗਿਆ।

ਰਿਧਿ—ਸੰਪਦਾ, ਸਫ਼ਲਤਾ।

ਰੁਕਮਾਂਗਦ ਇਕ ਧਰਮਾਤਮਾ ਰਾਜਾ, ਜੋ 'ਮੋਹਿਨੀ ਦਾ ਪਤੀ ਤੇ 'ਧਰਮਾਂਗਦ' ਦਾ ਪਿਤਾ ਸੀ।

ਰੁਦ—ਵਿਸ਼ਨੂੰ ਪੁਰਾਣ ਅਨੁਸਾਰ ਬ੍ਰਹਮਾ ਨੇ ਇੱਛਿਆ ਕੀਤੀ, ਕਿ ਉਸ ਦੇ ਪੁੱਤਰ ਹੋਵੇ। ਉਸੇ ਸਮੇਂ ਉਸ ਦੇ ਮੱਥੇ ਵਿਚੋਂ ਬਾਲਕ ਪੈਦਾ ਹੋਇਆ, ਜੋ ਜੰਮਦਾ ਹੀ ਰੋਣ ਲੱਗ ਪਿਆ। ਬ੍ਰਹਮਾ ਨੇ ਉਸ ਦਾ

ਨਾਮ ਰੁਦ੍ਰ (ਰੋਂਦੂ) ਰਖ ਦਿਤਾ। ਬਾਲਕ ਨੇ ਸੱਤ ਵਾਰ ਰੋ ਕੇ ਆਖਿਆ, 'ਮੇਰੇ ਨਾਮ ਹੋਰ ਰਖੋ। ਬ੍ਰਹਮਾ ਨੇ ਉਸ ਦੇ "ਭਵ, ਸ਼ਰਵ, ਈਸ਼ਾਨ, ਪਸ਼ੁਪਤਿ, ਭੀਮ, ਉਗ੍ਰ ਤੇ ਮਹਾਦੇਵ" ਸੱਤ ਨਾਮ ਹੋਰ ਰੱਖੇ।

ਪੁਰਾਣਾ ਵਿਚ ੧੧ ਰੁਦ੍ਰ ਲਿਖੇ ਹਨ: ਅਜ, ਏਕਪਾਦ, ਅਹਿਵ੍ਰਧਨ, ਪਿਨਾਕੀ, ਅਪਰਾਜਿਤ, ਤ੍ਰਯੰਬਕ, ਮਹੇਸ੍ਵਰ, ਵ੍ਰਿਸ਼ਾਕਪੀ ਸੰਭੁ; ਹਰਣ ਤੇ ਈਸ਼੍ਵਰ।

ਗਰੜ ਪੁਰਾਣ ਵਿਚ ਇਹ ਨਾਮ ਹਨ : ਅਜੈਕਪਾਦ, ਅਹਿਵ੍ਰਧਨ, ਤ੍ਵਸ਼ਟਾ, ਵਿਸ੍ਵਰੂਪਹਰ, ਬਹੁਰੂਪ, ਤ੍ਰਯੰਬਕ, ਅਪਰਾਜਿਤ, ਵ੍ਰਿਸ਼ਾਕਪਿ, ਸੰਭੂ, ਕਪਰਦੀ ਤੇ ਰੇਵ੍ਤ।

ਵ੍ਰਿਹਦਾਰਣ੍ਯਕ ਉਪਨਿਸ਼ਦ ਵਿਚ ਦਸ ਪਰਾਣ ਤੇ ਅੰਤਹ-ਕਰਣ ਨੂੰ ਗਿਆਰਾਂ ਰੁਦਰ ਮੰਨਿਆਂ ਹੈ।

ਲਛਮਣ=ਲਕਸ਼ਮਣ—ਸੁਮਿਤ੍ਰਾ ਦੇ ਪੇਟ ਤੋਂ ਰਾਜਾ ਦਸ਼ਰਥ ਦਾ ਪੁੱਤਰ, ਰਾਮ ਚੰਦਰ ਦਾ ਛੋਟਾ ਭਾਈ, ਜੋ ਰਾਮ ਜੀ ਦੇ ਨਾਲ ਆਪਣੀ ਇੱਛਿਆ ਅਨੁਸਾਰ ਬਨਬਾਸ ਗਿਆ। ਪੁਰਾਣਾ ਵਿਚ ਲਛਮਣ ਨੂੰ ਸ਼ੇਸ਼ਨਾਗ ਦਾ ਅਵਤਾਰ ਲਿਖਿਆ ਹੈ। ਇਸ ਦਾ ਨਾਮ ਛੇ ਜਤੀਆਂ ਵਿਚ ਵੀ ਆਉਂਦਾ ਹੈ। ਲਛਮਣ ਦੀ ਪਤਨੀ 'ਉਰਮਿਲਾ' ਰਾਜਾ 'ਜਨਕ' ਦੀ ਪੁੱਤਰੀ ਸੀ। ਉਰਮਿਲਾ ਵਿਚੋਂ ਲਛਮਣ ਦੇ ਦੋ ਪੁੱਤਰ ਹੋਏ 'ਅੰਗਦ' ਤੇ 'ਚੰਦ੍ਰਕੇਤੁ'।

ਲੋਹਾਰੀਪਾ—ਇਕ ਗੋਰਖਪੰਥੀ ਯੋਗੀ, ਜਿਸ ਦੀ ਚਰਚਾ ਗੁਰੂ ਨਾਨਕ ਦੇਵ ਜੀ ਨਾਲ ਹੋਈ।

ਵਰਣ ਚਾਰ—ਵੇਖੋ ਚਾਰ ਵਰਣ।

ਵਰਣ ਦੇਵਤਾ—ਵਰੁਣ-ਜਲ ਦਾ ਦੇਵਤਾ (ਖ਼ਵਾਜਾ ਖ਼ਿਜ਼ਰ)।

ਪੁਰਾਣਾਂ ਵਿਚ ਇਸ ਨੂੰ 'ਕਰਦਮ' ਦਾ ਪੁੱਤਰ ਲਿਖਿਆ ਹੈ। ਇਹ ਮਗਰਮੱਛ 'ਤੇ ਅਸਵਾਰੀ ਕਰਦਾ ਹੈ। ਇਹ ਪੱਛਮ ਦਿਸ਼ਾ ਦਾ ਸਵਾਮੀ ਮੰਨਿਆਂ ਜਾਂਦਾ ਹੈ।

ਵਾਸੁਦੇਵ—ਕ੍ਰਿਸ਼ਨ ਦਾ ਪਿਤਾ। ਇਹ ਸ਼ਬਦ ਈਸ਼ਵਰ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ।

ਵਾਲਮੀਕ—ਬਾਲਮੀਕ ਰਿਖੀ। ਸਭ ਤੋਂ ਪਹਿਲੀ ਰਾਮਾਇਣ ਏਸੇ ਰਿਖੀ ਨੇ ਸੰਸਕ੍ਰਿਤ ਭਾਸ਼ਾ ਅੰਦਰ ਕਵਿਤਾ ਵਿਚ ਲਿਖੀ। ਇਸ ਦੇ ਸੱਤ ਕਾਂਡ (ਬਾਲ, ਅਯੋਧਯਾ, ਵਨ, ਕਿਸ਼ਕਿੰਧਾ, ਸੁੰਦਰ, ਲੰਕਾ ਯੁਧ ਤੇ ਉੱਤਰ) ਹਨ, ੬੪੭ ਅਧਿਆਏ ਤੇ ਚੌਵੀ ਹਜ਼ਾਰ ਸਲੋਕ ਹਨ!

ਰਾਮ ਚੰਦਰ ਨੇ ਸੀਤਾ ਨੂੰ ਬਨਬਾਸ ਦਿਤਾ, ਤਾਂ ਸੀਤਾ ਏਸੇ ਰਿਖੀ ਬਾਲਮੀਕ ਦੇ ਆਸ਼ਰਮ ਵਿਚ ਆ ਕੇ ਰਹੀ। ਏਥੇ ਹੀ ਸੀਤਾ ਨੇ ਦੋ ਪੁੱਤਰਾਂ—ਲਵ ਤੇ ਕੁਸ਼—ਨੂੰ ਜਨਮ ਦਿਤਾ। ਦੋਵੇਂ ਬਾਲਮੀਕ ਦੀ ਨਿਗਰਾਨੀ ਵਿਚ ਪਲੇ।

# ਭਗਤ ਜਨ

ਗੁਰੂ ਗ੍ਰੰਥ ਸਾਹਿਬ ਵਿਚ ਪੰਦਰਾਂ ਭਗਤਾਂ ਦੀ ਬਾਣੀ ਦਰਜ ਹੈ। ਅੱਖਰ ਕਰਮ ਅਨੁਸਾਰ ਉਹਨਾਂ ਦੇ ਨਾਮ ਹਨ : ੧ ਸਧਨਾ, ੨ ਸੂਰਦਾਸ, ੩ ਸੈਣ, ੪ ਕਬੀਰ, ੫ ਜੈਦੇਵ, ੬ ਤ੍ਰਿਲੋਚਨ, ੭ ਧੰਨਾ, ੮ ਨਾਮਦੇਵ, ੯ ਪਰਮਾਨੰਦ, ੧੦ ਪੀਪਾ, ੧੧ ਫ਼ਰੀਦ, ੧੨ ਬੇਣੀ, ੧੩ ਭੀਖਣ, ੧੪ ਰਵਿਦਾਸ, ੧੫ ਰਾਮਾਨੰਦ।

ਪੰਜਵੇਂ ਪਾਤਸ਼ਾਹ ਨੇ ਇਹਨਾਂ ਮਹਾਪੁਰਸ਼ਾਂ ਦੀ ਜੋ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਹੈ, ਉਸ ਦਾ ਵੇਰਵਾ ਇਉਂ ਹੈ :

ਕਬੀਰ ਜੀ : ੨੧੯ ਸ਼ਬਦ, ੨੪੩ ਸਲੋਕ, ਬਾਵਨ ਅੱਖਰੀ, ਪੰਦਰਾਂ ਤਿਥੀ ਤੇ ਸਤਵਾਰ।

ਨਾਮਦੇਵ ਜੀ : ੬੧ ਸ਼ਬਦ।

ਰਵਿਦਾਸ ਜੀ : ੪੦ ਸ਼ਬਦ।

ਤ੍ਰਿਲੋਚਨ ਜੀ : ੪ ਸ਼ਬਦ।

ਧੰਨਾ ਜੀ : ੪ ਸ਼ਬਦ।

ਫ਼ਰੀਦ ਜੀ : ੪ ਸ਼ਬਦ ਤੇ ੧੩੦ ਸਲੋਕ।

ਬੇਣੀ ਜੀ : ੩ ਸ਼ਬਦ।

ਜੈਦੇਵ ਜੀ : ੨ ਸ਼ਬਦ।

ਭੀਖਨ ਜੀ : ੨ ਸ਼ਬਦ ।

ਸੂਰਦਾਸ ਜੀ : ੧ ਸ਼ਬਦ ਤੇ ਇਕ ਤੁਕ ।

ਪਰਮਾਨੰਦ ਜੀ : ੧ ਸ਼ਬਦ ।

ਸੈਣ ਜੀ : ੧ ਸ਼ਬਦ ।

ਪੀਪਾ ਜੀ : ੧ ਸ਼ਬਦ ।

ਸਧਨਾ ਜੀ : ੧ ਸ਼ਬਦ ।

ਰਾਮਾ ਨੰਦ ਜੀ : ੧ ਸ਼ਬਦ ।

ਇਸ ਛੋਟੀ ਜੇਹੀ ਪੁਸਤਕ ਵਿਚ ਸਾਡਾ ਮਨੋਰਥ ਇਹਨਾਂ ਭਗਤਾਂ ਦੀ ਜੀਵਨੀ ਬਾਰੇ ਸੰਖੇਪ ਜੇਹੀ ਝਾਤ ਪੁਆਉਣਾ ਹੈ, ਜਿਵੇਂ ਪੁਰਾਣਿਕ ਪਾਤਰਾਂ ਦਾ ਸੰਖੇਪ ਜੇਹਾ ਜ਼ਿਕਰ ਹੈ । ਭਗਤਾਂ ਦੀ ਬਾਣੀ ਬਾਰੇ ਆਪਣੀ ਰਾਏ ਦੇਣਾ ਸਾਡਾ ਮਨਸ਼ਾ ਨਹੀਂ । ਕਿਸ ਕਿਸ ਭਗਤ ਦੀ ਰਚਨਾ ਦਾ ਕਿਹੜਾ ਕਿਹੜਾ ਹਿੱਸਾ ਗੁਰ ਸਿਧਾਂਤ ਨਾਲ ਮਿਲਦਾ ਹੈ, ਤੇ ਕਿਹੜਾ ਨਹੀਂ; ਜਾਂ ਗੁਰੂ ਅਰਜਨ ਦੇਵ ਜੀ ਨੇ ਕਿਸ ਆਸ਼ੇ ਨੂੰ ਮੁਖ ਰੱਖ ਕੇ ਇਹਨਾਂ ਰਚਨਾਂ ਦੀ ਚੋਣ ਕੀਤੀ ਹੈ, ਇਸ ਬਾਰੇ ਡਾਕਟਰ ਸਾਹਿਬ ਸਿੰਘ ਜੀ ਤੇ ਗਿਆਨੀ ਪ੍ਰਤਾਪ ਸਿੰਘ ਜੀ ਨੇ ਆਪਣੇ ਵਿਚਾਰ ਬੜੇ ਵਿਸਥਾਰ ਨਾਲ ਦਿਤੇ ਹਨ । ਪਰ ਸਾਡਾ ਮਨੋਰਥ ਉਹਨਾਂ ਮਹਾਂਪੁਰਸ਼ਾਂ ਨਾਲ ਸੰਖੇਪ ਜੇਹੀ ਜਾਣ ਪਛਾਣ ਕਰਾਉਣਾ ਹੀ ਹੈ ।

# ਸਧਨਾ ਜੀ

ਭਗਤ 'ਸਧਨਾ' ਜੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਇਕੋ ਸ਼ਬਦ ਹੈ, ਰਾਗ ਬਿਲਾਵਲ ਵਿਚ ।

"ਨ੍ਰਿਪ ਕੰਨਿਆ ਕੇ ਕਾਰਨੈ

ਇਕ ਭਇਆ ਭੇਖਧਾਰੀ ।......।"

ਇਸ ਇਕ ਸ਼ਬਦ ਦੇ ਕਾਰਨ ਹੀ ਗੁਰੂ ਅਰਜਨ ਦੇਵ ਜੀ ਦੀ ਕਿਰਪਾ ਨਾਲ 'ਸਧਨਾ' ਜੀ ਸਦਾ ਵਾਸਤੇ ਅਮਰ ਹੋ ਗਏ । ਇਹਨਾਂ ਦੇ ਜੀਵਨ ਬਾਰੇ ਕੁਛ ਦੰਤ ਕਥਾਵਾਂ ਤਾਂ ਮਿਲਦੀਆਂ ਹਨ, ਪਰ ਸ਼ੁੱਧ ਇਤਿਹਾਸ ਨਹੀਂ ।

ਸਾਰੇ ਵਿੱਦਿਵਾਨ ਇਹ ਮੰਨਦੇ ਹਨ, ਕਿ ਸਧਨਾ ਜੀ ਭਗਤ ਨਾਮਦੇਵ ਜੀ ਦੇ ਸਮਕਾਲੀ ਸਨ । ਪਰ ਜਨਮ ਦੀ ਸਹੀ ਤਾਰੀਖ਼ ਨਹੀਂ ਮਿਲਦੀ । ਇਹਨਾਂ ਦਾ ਜਨਮ ਨੱਗਰ 'ਸੇਹਵਾਨ' (ਇਲਾਕਾ ਸਿੰਧ) ਵਿਚ ਹੋਇਆ । ਜਨਮ ਜ਼ਾਤੀ ਤੋਂ ਇਹ ਹਿੰਦੂ (ਸ਼ੂਦਰ) ਕਸਾਈ ਸਨ । ਇਹ ਹੱਥੀਂ ਜਾਨਵਰ ਨਹੀਂ ਸਨ ਮਾਰਿਆ ਕਰਦੇ, ਪਰ ਥੋਕ ਫ਼ਰੋਸ਼ ਕਸਾਈਆਂ ਤੋਂ ਲਿਆ ਕੇ ਮਾਸ ਵੇਚਿਆ ਕਰਦੇ ਹਨ । ਇਹ 'ਸਾਲਗ੍ਰਾਮ' ਦੀ ਪੂਜਾ ਕਰਿਆ ਕਰਦੇ । ਸਹਿਜ ਸਹਿਜ ਸੁਰਤ ਏਥੋਂ ਤਕ ਬਦਲ ਗਈ, ਕਿ ਓਸੇ ਸਾਲਗ੍ਰਾਮ ਨੂੰ ਵੱਟੇ ਵਜੋਂ ਵੀ ਵਰਤ ਲੈਂਦੇ । ਇਕ ਸਾਧੂ ਨੇ ਉਹਨਾਂ

ਨੂੰ ਸਾਲਗ੍ਰਾਮ ਨਾਲ ਮਾਸ ਤੋਲਦੇ ਵੇਖ ਕੇ ਤਰਕ ਕੀਤਾ। ਤਾਂ ਸਧਨਾ ਜੀ ਦੇ ਮਨ 'ਤੇ ਬੜੀ ਚੋਟ ਲੱਗੀ। ਵੈਰਾਗ ਹੋ ਗਿਆ। ਸਧਨਾ ਜੀ ਘਰ ਬਾਰ ਛਡ ਕੇ ਤੀਰਥ ਯਾਤਰਾ ਵਾਸਤੇ ਤੁਰ ਪਏ। ਭਾਰਤ ਦੇ ਕਈਂ ਇਲਾਕਿਆਂ ਵਿਚ ਫਿਰੇ, ਤੇ ਅੰਤ ਪੰਜਾਬ ਵਿਚ ਆ ਟਿਕੇ। ਇਹਨਾਂ ਦਾ ਦੇਹੁਰਾ (ਅੰਤਮ ਅਸਥਾਨ) ਸਰਹਿੰਦ ਪਾਸ ਮੌਜੂਦ ਹੈ।

ਇਹਨਾਂ ਦੇ ਜੀਵਨ ਬਾਰੇ ਦੋ ਕਹਾਣੀਆਂ ਪ੍ਰਚਲਤ ਹਨ, ਪਰ ਦੋਵੇਂ ਬੁੱਧੀ ਨੂੰ ਜਚਦੀਆਂ ਨਹੀਂ।

ਨੱਗਰ ਦੇ ਚੋਧਰੀ (ਜਾਂ ਰਾਜੇ) ਨੇ ਰਾਣ ਨੂੰ ਸਧਨੇ ਪਾਸੋਂ ਕੁਛ ਮਾਸ ਮੰਗ ਭੇਜਿਆ। ਸਧਨੇ ਨੇ ਸੋਚਿਆ, 'ਬੱਕਰਾ ਮਾਰਨ ਦੀ ਥਾਂ ਇਸ ਦਾ ਇਕ ਅੰਗ ਕੱਟ ਕੇ ਕਿਉਂ ਨਾ ਭੇਜ ਦਿਤਾ ਜਾਵੇ।' ਬੱਕਰੇ ਨੇ ਹੱਸ ਕੇ ਕਿਹਾ, 'ਸਧਨਿਆਂ! ਇਹ ਨਵੀਂ ਭਾਜੀ ਚਾੜ੍ਹਨ ਲੱਗਾ ਏਂ? ਅੱਗੇ ਕਈ ਵਾਰ ਤੂੰ ਮੈਨੂੰ ਮਾਰਿਆ; ਤੇ ਕਈ ਵਾਰ ਮੈਂ ਤੈਨੂੰ ਮਾਰਿਆ। ਬਰਾਬਰ ਦਾ ਵਰਤਾਉ ਹੁੰਦਾ ਰਿਹਾ। ਪਰ ਇਉਂ ਅੱਗੇ ਕਦੇ ਨਹੀਂ ਸੀ ਹੋਇਆ।' ਇਸ ਗੱਲ ਤੋਂ ਸਧਨੇ ਨੂੰ ਗਿਆਨ ਹੋ ਗਿਆ, ਤੇ ਉਹ ਘਰ ਬਾਰ ਛੱਡ ਕੇ ਸਾਧ ਹੋ ਗਿਆ।

ਕਹਾਣੀ ਰੋਚਕ ਤੇ ਸਿੱਖਿਆਦਾਇਕ ਹੈ। ਇਤਿਹਾਸ ਨਹੀਂ।

ਦੂਸਰੀ ਕਹਾਣੀ ਇਉਂ ਹੈ। ਜਵਾਨ ਉਮਰ, ਰਗ ਰੂਪ ਸੁੰਦਰ, ਮਨ 'ਤੇ ਚੋਟ ਲੱਗਣ ਕਰ ਕੇ ਸਧਨਾ ਸਾਧ ਹੋ ਗਿਅ ਸੀ। ਇਕ ਘਰ ਉਹ ਭਿੱਖਿਆ ਮੰਗਣ ਗਿਆ। ਘਰ ਵਾਲੀ ਸੁਆਣੀ ਉਸ ਦੇ ਰੰਗ ਰੂਪ ਉਤੇ ਮੋਹਤ ਹੋ ਗਈ। ਉਸ ਨੇ ਕਈ ਪ੍ਰਕਾਰ ਦਾ ਭੋਜਨ ਤਿਆਰ ਕੀਤਾ, ਤੇ ਸਧਨੇ ਨੂੰ ਰਾਤ ਘਰ ਵਿਚ ਬਿਸਰਾਮ ਕਰਨ ਵਾਸਤੇ ਮਨਾ ਲਿਆ। ਉਹ ਇਸਤਰੀ ਸਧਨੇ ਨੂੰ ਭਰਮਾਉਣ ਲੱਗੀ, ਪਰ ਸਧਨੇ ਨੇ ਉਸ ਪਾਸੇ ਧਿਆਨ

ਨਾ ਦਿਤਾ। ਇਸਤਰੀ ਨੇ ਸੋਚਿਆ, 'ਸ਼ਾਇਦ ਇਹ ਮੇਰੇ ਪਤੀ ਤੋਂ ਡਰਦਾ ਸੰਕੋਚ ਕਰਦਾ ਹੈ।' ਅੰਦਰ ਜਾ ਕੇ ਉਸ ਨੇ ਸੁੱਤੇ ਪਏ ਪਤੀ ਨੂੰ ਮਾਰ ਦਿਤਾ। ਫਿਰ ਵੀ ਸਧਨਾ ਨਾ ਮੰਨਿਆਂ, ਤਾਂ ਇਸਤਰੀ ਨੇ ਰੌਲਾ ਪਾ ਦਿਤਾ, ਕਿ ਮੇਰੇ ਲੋਭ ਵਿਚ ਸਧਨੇ ਨੇ ਮੇਰੇ ਪਤੀ ਨੂੰ ਮਾਰ ਦਿਤਾ ਹੈ।

ਨੱਗਰ ਦੇ ਹਾਕਮ ਨੇ ਸਧਨੇ ਨੂੰ ਦੋਸ਼ੀ ਠਹਿਰਾਂ ਕੇ ਉਸ ਦੇ ਹੱਥ ਕਟਵਾਂ ਦਿਤੇ। ਸਧਨੇ ਨੇ ਸਾਰੀ ਕਹਾਣੀ ਕਹਿ ਸੁਣਾਈ, ਤਾਂ ਸ਼ਰਮ ਦੀ ਮਾਰੀ ਇਸਤਰੀ ਪਤੀ ਨਾਲ ਸਤੀ ਹੋ ਗਈ (ਸੜ ਮਰੀ)।

ਤੀਰਥ ਯਾਤਰਾ ਕਰਦੇ ਕਰਦੇ ਸਧਨਾ ਜੀ 'ਜਗਨਨਾਥ ਪੁਰੀ' ਗਏ, ਤਾਂ ਉਹਨਾਂ ਦੀ ਭਗਤੀ ਦਾ ਫਲ ਸਧਨਾ ਜੀ ਦੇ ਹੱਥ ਫਿਰ ਸਹੀ ਸਲਾਮਤ ਹੋ ਗਏ।

(ਇਹ ਲੇਖਕਾਂ ਨੇ ਲੂਣਾ ਤੇ ਪੂਰਨ ਭਗਤ ਦੀ ਕਹਾਣੀ ਦੁਹਰਾਈ ਹੈ। ਅੰਧ ਵਿਸ਼ਵਾਸ।)

ਏਹੋ ਜੇਹੀਆਂ ਕੁਛ ਹੋਰ ਕਹਾਣੀਆਂ ਵੀ ਹਨ। ਪਰ ਸਧਨਾ ਜੀ ਦਾ ਨਿੱਗਰ ਇਤਿਹਾਸ ਨਹੀਂ ਮਿਲਦਾ।

# ਸੂਰਦਾਸ ਜੀ

ਭਗਤ ਸੂਰਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ਼ ਇਕੋ ਤੁਕ ਹੈ :

''ਛਾਡਿ ਮਨ ਹਰਿ ਬੇਮੁਖਨ ਕੋ ਸੰਗ ।''

(ਰਾਗ ਸਾਰੰਗ, ਪੰਨਾ ੧੨੫੩)

ਸੂਰਦਾਸ ਜੀ ਦਾ ਜਨਮ ੧੫੮੬ ਬਿ. ਵਿਚ ਬ੍ਰਹਿਮਣਾ ਦੇ ਘਰ ਹੋਇਆ । ਪਹਿਲਾ ਨਾਮ ਇਹਨਾਂ ਦਾ 'ਮਦਨ ਮੋਹਨ' ਸੀ । ਬਹੁਤ ਸੁੰਦਰ ਹੋਣ ਕਰ ਕੇ ਇਹ ਨਾਮ ਪ੍ਰਸਿੱਧ ਸੀ । ਆਪ ਸੰਸਕ੍ਰਿਤ, ਹਿੰਦੀ, ਫ਼ਾਰਸੀ ਦੇ ਵਿੱਦਿਵਾਨ ਸਨ । ਜਿਥੇ ਇਹ ਚੰਗੇ ਕਵੀ ਸਨ, ਓਥੇ ਰਾਗੀ ਵੀ ਸਨ ।

ਇਹਨਾਂ ਦੇ ਗੁਣਾਂ ਦੀ ਕਦਰ ਕਰ ਕੇ ਅਕਬਰ ਨੇ ਇਹਨਾਂ ਨੂੰ 'ਅਵਧ' ਦੇ ਇਲਾਕੇ ਵਿਚ 'ਸੰਧੀਲਾ' ਦਾ ਹਾਕਮ ਥਾਪ ਦਿਤਾ । ਇਹਨਾਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਮਾਲੀਆ ਇਕੱਠਾ ਕਰਨਾ ਸੀ । ਪਰ ਜਿਹੜਾ ਮਾਲੀਆ ਇਕੱਠਾ ਹੁੰਦਾ, ਸੂਰਦਾਸ ਉਹ ਸੰਤਾਂ ਫ਼ਕੀਰਾਂ ਤੇ ਲੋੜਵੰਦਾਂ ਤੇ ਖ਼ਰਚ ਕਰ ਛੱਡਦੇ । ਸਿੱਟੇ ਵਜੋਂ ਟੋਡਰ ਮੱਲ ਦੀ ਸ਼ਕਾਇਤ

ਉਤੇ ਸੂਰਦਾਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਿਹਲ ਦੇ ਦਰੋਗ਼ੇ ਦਾ ਨਾਮ 'ਤਿਮਰਦਾਸ' ਸੀ।

ਸੂਰਦਾਸ ਨੇ ਅਕਬਰ ਪਾਸ ਇਕ ਦੋਹਾ ਲਿਖ ਭੇਜਿਆ, ਜਿਸ ਦਾ ਅਰਥ ਸੀ, "ਐ ਬਾਦਸ਼ਾਹ! ਇਕ ਹਨੇਰੀ ਰਾਤ ਦਾ ਹਨ੍ਹੇਰਾ ਹੀ ਮਾਣ ਨਹੀਂ, ਕਿਤਨੇ ਹੀ ਦੀਵੇ ਬਾਲੀਏ, ਤਾਂ ਕੁਛ ਸੁਝਦਾ ਹੈ। ਪਰ ਤੂੰ ਮੈਨੂੰ ਦਸ ਹਨ੍ਹੇਰਿਆਂ ਵਰਗੇ ਇਕ 'ਤਿਮਰ ਦਾਸ' ਦੇ ਹਵਾਲੇ ਕੀਤਾ ਹੋਇਆ ਹੈ।"

(ਹਿੰਦੀ ਵਿਚ ਤਿਮਰ ਦਾ ਅਰਥ ਹੈ ਹਨ੍ਹੇਰਾ।)

ਅਕਬਰ ਨੇ ਖ਼ੁਸ਼ ਹੋ ਕੇ ਸੂਰਦਾਸ ਨੂੰ ਰਿਹਾਅ ਕਰ ਦਿਤਾ।

ਸੂਰਦਾਸ ਨੇ ਬਾਕੀ ਉਮਰ ਭਗਤੀ ਭਾਵ ਤੇ ਸਾਧੂ ਪੁਰਸ਼ਾਂ ਦੀ ਸੰਗਤ ਵਿਚ ਗੁਜ਼ਾਰੀ। ਆਪ ਕਾਂਸ਼ੀ ਦੇ ਨੇੜੇ ਪਰਲੋਕ ਸਿਧਾਰੇ, ਜਿਥੇ ਆਪ ਜੀ ਦੀ ਸਮਾਧੀ ਕਾਇਮ ਹੈ।

ਆਰੰਭ ਵਿਚ ਦਿਤੀ ਤੁਕ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ।" ਦੇ ਉਪਰ 'ਸਿਰਲੇਖ' ਕੋਈ ਨਹੀਂ। ਪਰ ਅਗਲੇ ਸ਼ਬਦ ਉਪਰਲੇ ਸਿਰਲੇਖ ਤੋਂ ਇਹ ਤੁਕ ਸੂਰਦਾਸ ਦੀ ਮੰਨੀ ਜਾਂਦੀ ਹੈ। ਉਹ ਸ਼ਬਦ ਇਉਂ ਹੈ :

"ਸਾਰਗ ਮਹਲਾ ੫ ਸੂਰਦਾਸ"
"ਹਰਿ ਕੇ ਸੰਗ ਬਸੇ ਹਰਿ ਲੋਕ।
ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ,
ਅਨਦ ਸਹਜ ਧੁਨਿ ਝੋਕ।੧। ਰਹਾਉ।
ਦਰਜਨ ਪੇਖਿ ਭਏ ਨਿਰ ਬਿਖਈ,
ਪਾਏ ਹੈ ਸਗਲੇ ਥੋਕ।

ਆਨ ਬਸਤੁ ਸਿਉ ਕਾਜੁ ਨ ਕਛੂਐ,
ਸੁੰਦਰ ਬਦਨ ਅਲੋਕ ।੧।
ਸਿਆਮ ਸੁੰਦਰ ਤਜਿ ਆਨ ਜੁ ਚਾਹਤ
ਜਿਉ ਕੁਸਟ ਤਨਿ ਜੋਕ ।
ਸੂਰਦਾਸ ਮਨੁ ਪ੍ਰਭਿ ਹਥਿ ਲੀਨੋ,
ਦੀਨੋ ਇਹੁ ਪਰਲੋਕ ।੨।"

ਇਸ ਸ਼ਬਦ ਬਾਰੇ ਵਿੱਦਿਹਾਨਾਂ ਵਿਚ ਮਤਭੇਦ ਹੈ । ਪ੍ਰਿੰਸੀਪਲ ਜੋਧ ਸਿੰਘ ਜੀ ਇਸ ਨੂੰ ਸੂਰਦਾਸ ਦੀ ਰਚਨਾ ਮੰਨਦੇ ਹਨ, ਪਰ ਡਾਕਟਰ ਸਾਹਿਬ ਸਿੰਘ ਜੀ ਦੀ ਰਾਏ ਹੈ, ਕਿ ਇਹ ਸੂਰਦਾਸ ਪ੍ਰਤਿ ਪੰਜਵਾਂ ਪਾਤਸ਼ਾਹ ਦੀ ਰਚਨਾ ਹੈ, ਕਿਉਂਕਿ ਉਪਰ ਮਹਲਾ ੫ ਲਿਖਿਆ ਹੋਇਆ ਹੈ ।

'ਸੂਰ ਸਾਰਾਵਲੀ', ਤੇ 'ਸਾਹਿਤਯ ਲਹਿਰੀ' ਦੇ ਕਰਤਾ ਸੂਰਦਾਸ ਹੋਰ ਹਨ । ਉਹ ਹਿੰਦੀ ਦੇ ਮਹਾਨ ਕਵੀਆਂ ਵਿਚ ਗਿਣੇ ਜਾਂਦੇ ਹਨ ।

# ਸੈਣ ਜੀ

ਭਗਤ ਸੈਣ ਹਿੰਦੂ ਨਾਈ ਸੀ। ਇਹ ਰਾਮਾਨੰਦ ਦਾ ਚੇਲਾ ਸੀ। 'ਬਾਂਧਵਗੜ੍ਹ' (ਰੀਵਾ) ਦੇ ਰਾਜਾ 'ਰਾਜਾ ਰਾਮ' ਦਾ ਇਹ ਨਿੱਜੀ ਸੇਵਕ ਸੀ (ਦਰਬਾਰੀ ਨਾਈ)। ਇਸ ਦੀ ਪ੍ਰਥਮ ਜ਼ਿੰਮੇਵਾਰੀ ਰਾਜੇ ਦੀ ਹਾਜ਼ਰੀ ਸੀ। ਖ਼ਾਸ ਕਰ ਸਾਰੀ ਰਾਤ ਇਹ ਰਾਜੇ ਪਾਸ, ਉਸ ਦੀ ਟਹਿਲ ਸਵਾ ਵਾਸਤੇ ਗੁਜ਼ਾਰਦਾ।

ਸੈਣ ਜੀ ਸੰਤਾਂ ਮਹਾਤਮਾ ਦੀ ਸੇਵਾ ਕਰ ਕੇ ਬਹੁਤ ਖ਼ੁਸ਼ ਹੁਦੇ। ਇਕ ਸ਼ਾਮ ਨੂੰ ਜਦ ਉਹ ਰਾਜੇ ਦੇ ਮਹਿਲ ਵੱਲ ਜਾ ਰਹੇ ਸਨ, ਰਸਤੇ ਵਿਚ ਕੁਛ ਮਹਾਤਮਾ ਪੁਰਸ਼ ਮਿਲ ਪਏ। ਉਹਨਾਂ ਦੇ ਆਦਰ ਵਜੋਂ ਸੈਣ ਜੀ ਵਾਪਸ ਘਰ ਮੁੜ ਆਏ। ਉਹਨਾਂ ਸੰਤਾਂ ਦੀ ਪ੍ਰਸਾਦ ਆਦਿ ਨਾਲ ਬੜੀ ਸੇਵਾ ਕੀਤੀ। ਫਿਰ ਪ੍ਰਭੂ ਦੀਆਂ ਗੱਲਾਂ ਬਾਤਾਂ ਕਰਦਿਆਂ ਉਹਨਾਂ ਨੂੰ ਓਥੇ ਹੀ ਰਾਤ ਬੀਤ ਗਈ। ਸਵੇਰੇ ਸੰਤ ਪੁਰਸ਼ ਵਿਦਿਆ ਹੋ ਗਏ, ਤਾਂ ਸੈਣ ਜੀ ਨੂੰ ਯਾਦ ਆਇਆ, ਕਿ ਉਹ ਰਾਤ ਰਾਜੇ ਦੀ ਸੇਵਾ ਵਿਚ ਹਾਜ਼ਰ ਨਹੀਂ ਹੋਏ। ਸੈਣ ਜੀ ਓਸੇ ਵੇਲੇ ਰਾਜੇ ਦੇ ਹਾਜ਼ਰ ਹੋਏ, ਤੇ ਪਿਛਲੀ ਰਾਤ ਦੀ ਗ਼ੈਰਹਾਜ਼ਰੀ ਦੀ ਮਾਫ਼ੀ ਮੰਗੀ।

ਰਾਜੇ ਨੇ ਬੜੀ ਹੈਰਾਨੀ ਨਾਲ ਪੁਛਿਆ, "ਸੈਣ ! ਤੂੰ ਸਾਰੀ ਰਾਤ ਮੇਰੀ ਸੇਵਾ ਵਿਚ ਰਿਹਾ ਹੈਂ । ਫਿਰ ਮਾਫ਼ੀ ਕਿਸ ਗੱਲ ਦੀ ਮੰਗ ਰਿਹਾ ਹੈਂ ?"

ਸ਼ਰਧਾਲੂ ਲੋਕ ਮੰਨਦੇ ਹਨ, ਕਿ ਈਸ਼ਵਰ ਆਪ ਸੈਣ ਦਾ ਰੂਪ ਧਾਰ ਕੇ ਰਾਤ ਰਾਜੇ ਦੀ ਸੇਵਾ ਵਿਚ ਰਿਹਾ। ਬੁੱਧੀਵਾਨਾਂ ਦਾ ਮੱਤ ਹੈ, ਕਿ ਸੈਣ ਨੂੰ ਸੰਤਾਂ ਦੀ ਸੇਵਾ ਵਿਚ ਰੁੱਝਿਆ ਵੇਖ ਕੇ ਕੋਈ ਭਲਾ ਪੁਰਸ਼ ਉਸ ਦੀ ਥਾਂ ਰਾਜੇ ਦੇ ਹਾਜ਼ਰ ਰਿਹਾ। ਹਰ ਹਾਲ ਜਦ ਰਾਜੇ ਨੂੰ ਸਾਰੀ ਗੱਲ ਦਾ ਪਤਾ ਲੱਗਾ, ਤਾਂ ਉਹਨੇ ਸੈਣ ਜੀ ਨੂੰ ਪ੍ਰਭੂ ਭਗਤ ਮੰਨ ਕੇ ਉਸ ਦਾ ਬੜਾ ਆਦਰ ਕੀਤਾ, ਤੇ ਪੂਰਨ ਸ਼ਰਧਾਲੂਆਂ ਵਾਂਗ ਉਸ ਦਾ ਸਤਕਾਰ ਕਰਨ ਲੱਗਾ। ਅਜੇ ਤੱਕ 'ਰਾਜਾ ਰਾਮ' ਦੀ ਬੰਸ, ਭਗਤ ਸੈਣ ਜੀ ਦੀ ਅੰਸ ਦਾ ਆਦਰ ਮਾਣ ਕਰਦੀ ਹੈ ।

ਸੈਣ ਜੀ ਦੀ ਰਚਨਾ ਦਾ ਸਮਾਂ ੧੫੫੭ ਬਿ. ਦੇ ਨੇੜੇ ਤੇੜ ਮੰਨਿਆਂ ਜਾਂਦਾ ਹੈ । ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੀ ਦਾ ਰਾਗ ਧਨਾਸਰੀ ਵਿਚ ਇਕ ਸ਼ਬਦ ਹੈ :

"ਧੂਪ ਦੀਪ ਘ੍ਰਿਤ ਸਾਜਿ ਆਰਤੀ ।......।"

# ਕਬੀਰ ਜੀ

ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵਧੇਰੇ ਬਾਣੀ ਭਗਤ ਕਬੀਰ ਜੀ ਦੀ ਹੈ।† ਕਬੀਰ ਜੀ ਦੇ ਵਿਚਾਰ ਵੀ ਵਧੇਰੇ ਗੁਰੂ ਸਾਹਿਬਾਨ ਨਾਲ ਮਿਲਦੇ ਹਨ। ਕਬੀਰ ਜੀ ਨੂੰ ਮੁਸਲਮਾਨ ਸਮਝਿਆ ਜਾਂਦਾ ਹੈ। ਪਰ ਉਸ ਦੀ ਰਚਨਾ ਪੜ੍ਹਨ ਤੋਂ ਐਸਾ ਮੰਨਣ ਨੂੰ ਦਿਲ ਨਹੀਂ ਕਰਦਾ। ਉਸ ਸਮੇਂ ਮੁਸਲਮਾਨ ਫ਼ਕੀਰ ਵਧੇਰੇ ਸੂਫ਼ੀ ਖ਼ਿਆਲਾਂ ਦੇ ਹੋਏ ਹਨ। ਹਿੰਦੂ ਮਤ ਦਾ ਉਹਨਾਂ ਨੂੰ ਬਹੁਤਾ ਗਿਆਨ ਨਹੀਂ ਸੀ। ਕਬੀਰ ਦੀ ਬਾਣੀ ਪੜ੍ਹ ਕੇ ਸਾਡੀ ਰਾਏ ਹੈ, ਕਿ ਕਬੀਰ ਜੀ ਹਿੰਦੂ ਘਰ ਵਿਚ ਜਨਮੇ ਸਨ। ਭਾਵ, ਜਨਮ ਕਰ ਕੇ ਉਹ ਹਿੰਦੂ ਸਨ। ਫਿਰ ਉਹਨਾਂ ਦੇ ਜਨਮ ਬਾਰੇ ਜੋ ਕਥਾਵਾਂ ਮਿਲਦੀਆਂ ਹਨ, ਉਹਨਾਂ ਵਿਚੋਂ ਇਕ ਇਹ ਵੀ ਹੈ: ਰਾਮਾਨੰਦ ਜੀ ਦੇ ਵਰ ਨਾਲ ਇਕ ਵਿਧਵਾ ਬ੍ਰਹਿਮਣ ਲੜਕੀ ਦੀ ਕੁੱਖੋਂ ਕਬੀਰ ਜੀ ਪੈਦਾ ਹੋਏ। ਉਹ ਕਬੀਰ ਜਨਮਦੇ ਨੂੰ ਕਾਂਸ਼ੀ (ਬਨਾਰਸ=ਵਾਰਾਣਸੀ) ਪਾਸ 'ਲਹਿਰ ਤਲਾ' ਕੋਲ ਸੁੱਟ ਆਈ। ਓਥੋਂ ਨੀਰੂ ਜੁਲਾਹੇ ਨੇ ਉਸ ਨੂੰ ਪੁੱਤਰ ਬਣਾ ਕੇ ਪਾਲਿਆ। ਨੀਰੂ ਦੀ ਪਤਨੀ ਦਾ ਨਾਮ 'ਨੀਮਾ' ਲਿਖਿਆ ਹੈ।

ਕਬੀਰ ਜੀ ਦਾ ਮੁਸਲਮਾਨ ਹੋਣਾ, ਉਸ ਦੇ ਤੇ ਉਸ ਦੇ ਮਾਪਿਆਂ ਦੇ

† ਵੇਖੋ ਪੰਨਾ ੭੫।

ਨਾਂਵਾਂ ਤੋਂ ਮੰਨਿਆਂ ਜਾਂਦਾ ਹੈ। ਪਰ ਇਹ ਕੋਈ ਭਰੋਸੇ ਯੋਗ ਸਬੂਤ ਨਹੀਂ। ਫ਼ਾਰਸੀ ਦੇ ਅਸਰ ਥੱਲੇ ਅਜੇਹੇ ਸ਼ਬਦ ਪਰਚਲਤ ਹੋ ਗਏ ਸਨ। ਫਿਰ ਨਾਂਵਾਂ ਤੋਂ ਹੀ ਤੱਥ ਕੱਢੇ ਜਾਣ, ਤਾਂ ਕਬੀਰ ਜੀ ਦੀ ਪਤਨੀ ਦਾ ਨਾਮ 'ਧਨੀਅ' ਲਿਖਿਆ ਹੈ। ਕਬੀਰ ਦੇ ਮਾਤਾ ਜੀ ਕਹਿੰਦੇ ਹਨ :

"ਮੇਰੀ ਬਹੁਰੀਆ ਕੋ ਧਨੀਆ ਨਾਉ।
ਲੇ ਰਾਖਿਓ ਰਾਮ ਜਨੀਆ ਨਾਉ।"

'ਧਨੀਆਂ' ਨਾਮ ਮੁਸਲਮਾਨਾਂ ਨਹੀਂ, ਨਿਰੋਲ ਹਿੰਦੂਆਂ ਵਾਲਾ ਨਾਮ ਹੈ। ਫਿਰ 'ਨੀਰੂ' ਤੇ 'ਨੀਮਾ' ਵੀ ਮੁਸਲਮਾਨੇ ਨਾਮ ਨਹੀਂ। ਨੀਰੂ ਸ਼ਬਦ 'ਨੀਰਜਾ' (ਕਮਲ ਫੁੱਲ) ਤੋਂ ਬਣਿਆ ਹੈ। ਤੇ 'ਨੀਮਾ' 'ਨਿਰਮਲ' ਤੋਂ। ਗ਼ਰੀਬਾਂ ਦੇ ਨਾਮ ਨੂੰ ਵੱਡੇ ਲੋਕ ਸਦਾ ਛੁਟਿਆੱ ਕੇ ਕਹਿੰਦੇ ਆਏ ਹਨ।

ਸਾਡੀ ਰਾਏ ਹੈ, ਕਿ ਕਬੀਰ ਜੀ ਮਾਤਾ ਨੀਮਾ ਦੀ ਕੁੱਖੋਂ ਨੀਰੂ ਦੇ ਪੁੱਤਰ ਸਨ, ਜੋ ਸ਼ੂਦਰ ਹਿੰਦੂ ਸੀ। ਕਬੀਰ ਜੀ ਦੀ ਪਤਨੀ ਦਾ ਅਸਲੀ ਨਾਮ 'ਧਨੀਆ' ਸੀ। ਉਹ ਹਰ ਆਏ ਸਾਧੂ ਸੰਤ ਦੀ ਸੇਵਾ ਮਾਂਵਾਂ ਵਾਂਗ ਕਰਦੀ ਸੀ, ਇਸ ਲਈ ਅਭਿਆਗਤ ਉਸ ਨੂੰ ਸ਼ਰਧਾ ਨਾਲ 'ਮਾਈ ਲੋਈ' ਕਹਿੰਦੇ ਸਨ। ਜਿਸ ਦਾ ਅਰਥ ਹੈ ਸਭ ਲੋਕਾਂ (ਲੋਈ) ਦੀ ਮਾਤਾ।

ਰਾਮਾ ਨੰਦ ਜੀ ਦਾ ਕਬੀਰ ਨੂੰ ਆਪਣਾ ਸ਼ਿਵ (ਚੇਲਾ) ਬਨਾਉਣ ਤੋਂ ਇਨਕਾਰ ਕਰਨ ਦਾ ਕਾਰਨ ਸੀ, ਕਬੀਰ ਜੀ ਦਾ ਸ਼ੂਦਰ ਹੋਣਾ। ਸਿਮਰਤੀਆਂ ਅਨੁਸਾਰ ਸ਼ੂਦਰਾਂ ਦੀਆਂ ਵੀ ਅੱਗੇ ਸ਼ਰੇਣੀਆਂ ਹਨ। ਕੁਛ ਸ਼ੂਦਰ (ਸੂਦ) ਹਨ, ਜਿਨ੍ਹਾਂ ਤੋਂ ਹਰ ਤਰ੍ਹਾਂ ਦੀ ਸੇਵਾ ਕਰਾਈ ਜਾ ਸਕਦੀ ਹੈ, ਤੇ ਉਹਨਾਂ ਦੇ ਘਰ ਦਾ ਖਾਧਾ ਵੀ ਜਾ ਸਕਦਾ ਹੈ। ਪਰ ਨੀਂਵੀਂ ਸ਼ਰੇਣੀ ਦੇ ਸੂਦਰਾਂ ਨਾਲ ਛੋਹਿਆ ਵੀ ਨਹੀਂ ਜਾ ਸਕਦਾ। ਉਹਨਾਂ ਨੂੰ 'ਅਛੂਤ' ਮੰਨਿਆਂ ਗਿਆ ਹੈ।

ਕਬੀਰ ਜੀ 'ਅਛੂਤ' ਨਹੀਂ ਹਨ, ਪਰ 'ਸੂਦ' ਜ਼ਰੂਰ ਹਨ। ਉਹ ਆਪ ਆਪਣੀ ਜਾਤ ਨੂੰ 'ਨੀਂਵੀਂ' 'ਜੁਲਾਹਾ' ਮੰਨਦੇ ਹਨ। ਅਸਲ ਵਿਚ ਸਿਮਰਤੀਆਂ ਦੇ ਪ੍ਰਭਾਵ ਥੱਲੇ ਹੱਥੀਂ ਕੰਮ ਕਰਨ ਵਾਲੇ ਨੂੰ 'ਕੰਮੀ', 'ਕਮੀਣ' ਤੇ ਨੀਂਵਾਂ ਮੰਨਿਆਂ ਜਾਂਦਾ ਸੀ।

ਰਾਮਾ ਨੰਦ ਜੀ ਨੇ ਇਸ ਵਾਸਤੇ ਕਬੀਰ ਜੀ ਨੂੰ ਖੁੱਲ੍ਹਮਖੁੱਲ੍ਹਾ ਆਪਣਾ ਚੇਲਾ ਨਾ ਬਣਾਇਆ, ਕਿ ਮਤਾਂ ਉਚ-ਜਾਤੀਏ ਨਾਰਾਜ਼ ਹੋ ਜਾਣ। ਪਰ ਕਬੀਰ ਜੀ ਬੜੇ ਨਾਟਕੀ ਢੰਗ ਨਾਲ ਰਾਮਾਨੰਦ ਜੀ ਦੇ ਚੇਲੇ ਬਣ ਗਏ। ਰਾਮਾ ਨੰਦ ਜੀ ਅੰਮ੍ਰਿਤ ਵੇਲੇ ਗੰਗਾ ਇਸ਼ਨਾਨ ਕਰਨ ਜਾਇਆ ਕਰਦੇ ਸਨ। ਕਬੀਰ ਜੀ ਰਸਤੇ ਵਿਚ ਲੇਟ ਗਏ। ਰਾਮਾ ਨੰਦ ਜੀ ਨੇ ਵੇਖ ਕੇ ਸੁਭਾਵਕ ਕਹਿ ਦਿਤਾ, 'ਉੱਠ, ਰਾਮ ਕੇ ਰਾਮ ਕਹੁ।' ਇਹਨਾਂ ਸ਼ਬਦਾਂ ਨੂੰ ਆਧਾਰ ਬਣਾ ਕੇ ਕਬੀਰ ਜੀ ਨੇ ਰਾਮਾ ਨੰਦ ਨੂੰ ਆਪਣਾ ਗੁਰੂ ਮੰਨ ਲਿਆ। ਜਦ ਕਬੀਰ ਜੀ ਦੀ ਸ਼ੁਹਰਤ ਕਾਫ਼ੀ ਵੱਧ ਗਈ, ਲੋਕ ਉਹਨਾਂ ਦਾ ਸਤਕਾਰ ਕਰਨ ਲੱਗ ਪਏ, ਤਾਂ ਰਾਮਾ ਨੰਦ ਜੀ ਨੇ ਉਹਨਾਂ ਨੂੰ ਆਪਣਾ ਸ਼ਿਸ਼ (ਚੇਲਾ) ਪਰਵਾਨ ਕਰ ਲਿਆ।

ਕਬੀਰ ਜੀ ਦਾ ਜਨਮ ਜੇਠ ਸੁਦੀ ਪੂਰਨਮਾਸ਼ੀ, ੧੪੫੫ ਬਿ, ੧੩੯੮ ਈ. ਨੂੰ ਕਾਂਸ਼ੀ ਵਿਚ ਹੋਇਆ। ਬਚਪਨ ਤੋਂ ਹੀ ਆਪ ਸੰਤੋਖੀ ਸੁਭਾਉ ਦੇ ਮਾਲਕ ਤੇ ਈਸ਼ਵਰ ਭਗਤ ਸਨ। ਜੀਵਨ ਨਿਰਬਾਹ ਵਾਸਤੇ ਆਪ ਖੱਡੀ 'ਤੇ ਕੱਪੜਾ ਉਣਿਆਂ ਕਰਦੇ ਸਨ। ਉਸ ਧਰਮ ਦੀ ਕਿਰਤ ਵਿਚੋਂ ਹੀ ਆਏ ਗਏ ਸਾਧੂ, ਅਭਿਆਗਤ ਨੂੰ ਸਾਦਾ ਭੋਜਨ ਛਕਾਇਆ ਕਰਦੇ ਸਨ। ਆਏ ਗਏ ਸ਼ਰਧਾਲੂਆਂ ਨਾਲ ਈਸ਼ਵਰ ਭਗਤੀ ਦੀ ਚਰਚਾ ਹੀ ਹੁੰਦੀ।

ਕਬੀਰ ਜੀ ਦੀ ਮਾਨਤਾ ਵਧਦੀ ਵੇਖ ਕੇ ਤੰਗ-ਦਿਲ ਪੰਡਤ ਸੜਨ

ਲੱਗ ਪਏ। ਕਾਂਸ਼ੀ ਪੰਡਤਾਂ ਦਾ ਗੜ੍ਹ ਸੀ। ਉਹ ਆਏ ਦਿਨ ਕਬੀਰ ਜੀ ਨਾਲ ਬਹਿਸ ਕਰਨ ਆ ਧਮਕਦੇ। ਬਹਿਸ ਵਿਚ ਕਬੀਰ ਜੀ ਕਈ ਵਾਰ ਕੁਛ ਖਰ੍ਹਵੇਂ ਸ਼ਬਦ ਵੀ ਵਰਤ ਲੈਂਦੇ। ਕਿਉਂਕਿ ਜਿੰਨ੍ਹਾਂ ਨੂੰ ਰੱਬ 'ਤੇ ਭਰੋਸਾ ਹੋ ਜਾਵੇ, ਉਹ ਕਿਸੇ ਦਾ ਭੁ ਨਹੀਂ ਮੰਨਿਆਂ ਕਰਦੇ।

ਇਕ ਵਾਰ ਪੰਡਤਾਂ ਨੇ ਇਕ ਹੋਰ ਚਲਾਕੀ ਕੀਤੀ। ਉਹਨਾਂ ਸਾਰੇ ਸ਼ਹਿਰ ਵਿਚ ਢੰਡੋਰਾ ਪਿਟਵੱਾ ਦਿਤਾ, ਕਿ ਕਬੀਰ ਜੀ ਦੇ ਘਰ ਜੱਗ (ਬਹਮਭੋਜ) ਹੈ। ਸੋ, ਸਾਰੇ ਪੰਡਤ ਤੇ ਸਾਧੂ ਜ਼ਰੂਰ ਆਉਣ।

ਪੰਡਤਾਂ ਦਾ ਨਸ਼ਾਨਾ ਇਸ ਢੰਗ ਨਾਲ ਕਬੀਰ ਜੀ ਦੀ ਬਦਨਾਮੀ ਕਰਨਾ ਸੀ। ਪਰ ਕਬੀਰ ਜੀ ਦੇ ਸ਼ਰਧਾਲੂਆਂ ਨੇ ਰਸਦ ਇਕੱਠੀ ਕਰ ਕੇ ਉਹ ਸਮਾਂ ਭੁਗਤੱਾ ਦਿਤਾ।

ਇਸ ਘਟਨਾ ਤੋਂ ਵੀ ਸਿੱਧ ਹੁੰਦਾ ਹੈ, ਕਿ ਕਬੀਰ ਜੀ ਹਿੰਦੂ ਸਨ, ਮੁਸਲਮਾਨ ਨਹੀਂ।

ਉਸ ਸਮੇਂ ਭਾਰਤ ਵਿਚ 'ਸਿਕੰਦਰ ਲੋਧੀ' ਦਾ ਰਾਜ ਸੀ। ਸਿਕੰਦਰ ਕਾਸ਼ੀ ਗਿਆ, ਤਾਂ ਉਸ ਦੇ ਪਾਸ ਸ਼ਿਕਾਇਤ ਕੀਤੀ ਗਈ, ਕਿ ਕਬੀਰ ਨਵਾਂ ਮਜ਼ਹਬ ਚਲੱਾ ਰਿਹਾ ਹੈ। ਇਉਂ ਪ੍ਰਤੀਤ ਹੁੰਦਾ ਹੈ, ਕਿ ਸ਼ਿਕਾਇਤ ਕਰਨ ਵਾਲਿਆਂ ਵਿਚ ਮੁੱਲਾਂ ਤੇ ਪੰਡਤ ਦੋਵੇਂ ਸਨ। (ਜੇ ਗੁਰੂ ਅਮਰਦਾਸ ਜੀ ਦੇ ਵਿਰੁਧ ਗੋਇੰਦਵਾਲ ਦੇ ਪੰਡਤ ਅਕਬਰ ਪਾਸ ਸ਼ਿਕਾਇਤ ਕਰ ਸਕਦੇ ਹਨ, ਤਾਂ ਕਬੀਰ ਦੇ ਵਿਰੁਧ ਉਹਨਾਂ ਕਦੋਂ ਢਿਲ ਕੀਤੀ ਹੋਵੇਗੀ। ਨਾਲੇ ਕਬੀਰ ਜੀ ਦੇ ਪ੍ਰਚਾਰ ਦਾ ਵਧੇਰੇ ਅਸਰ ਪੰਡਤ ਦੇ ਪਖੰਡ ਦੇ ਖ਼ਿਲਾਫ਼ ਇਕ ਬਗਾਵਤ ਸੀ।)

ਅੰਤ ਸਿਕੰਦਰ ਨੇ ਕਬੀਰ ਜੀ ਨੂੰ ਪਕੜ ਮੰਗਵਾਇਆ। ਇਸ ਦੀ ਗਵਾਹੀ ਕਬੀਰ ਜੀ ਦੇ ਦੋ ਸ਼ਬਦਾਂ ਤੋਂ ਮਿਲਦੀ ਹੈ। ਪਹਿਲਾ ਸ਼ਬਦ ਹੈ:

ਰਾਗ ਭੈਰਉ ਵਿਚ :

"ਗੰਗ ਗੁਸਾਇਨ ਗਹਿਰ ਗੰਭੀਰ ।
ਜੰਜੀਰ ਬਾਂਧਿ ਕਰਿ ਖਰੇ ਕਬੀਰ ।
ਮਨੁ ਨ ਡਿਗੈ, ਤਨੁ ਕਾਹੇ ਕਉ ਡਰਾਇ ।
ਚਰਨ ਕਮਲ ਚਿਤੁ ਰਹਿਓ ਸਮਾਇ ।੧।ਰਹਾਉ।
ਗੰਗਾ ਕੀ ਲਹਿਰ ਮੇਰੀ ਕਟੀ ਜੰਜੀਰ ।
ਮ੍ਰਿਗਛਾਲਾ ਪਰ ਬੈਠੇ ਕਬੀਰ ।੨।...।"

ਸ਼ਰਧਾਵਾਨ ਮੰਨਦੇ ਹਨ, ਕਿ ਗੰਗਾ ਨੇ ਕਬੀਰ ਜੀ ਨੂੰ ਡੋਬਿਆ ਨਹੀਂ ।

ਦੂਸਰਾ ਸ਼ਬਦ ਹੈ ਰਾਗ ਗੋਂਡ ਵਿਚ :

"ਭੁਜਾ ਬਾਂਧਿ ਭਿਲਾ ਕਰਿ ਡਾਰਿਓ ।
ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ।
ਹਸਤਿ ਭਾਗਿ ਕੈ ਚੀਸਾ ਮਾਰੈ ।
ਇਆ ਮੂਰਤਿ ਕੈ ਹਉ ਬਲਿਹਾਰੈ ।੧।...।"

ਅੰਤ ਸਿਕੰਦਰ ਨੇ ਕਬੀਰ ਜੀ ਨੂੰ ਪੂਰਨ ਸੰਤ ਸਮਝ ਕੇ ਛਡ ਦਿਤਾ ।

(ਕਈ ਵਾਰ ਵਿਆਖਿਆਕਾਰ ਮਹਾ ਪੁਰਸ਼ਾਂ ਦੇ ਸ਼ਬਦਾਂ ਦੇ ਆਧਾਰ 'ਤੇ ਕਹਾਣੀਆਂ ਘੜ ਵੀ ਲਿਆ ਕਰਦੇ ਹਨ ।)

ਪਹਿਲੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਕਾਂਸ਼ੀ ਗਏ ਸਨ । ਉਸ ਸਮੇਂ ਕਬੀਰ ਜੀ ਕਾਂਸ਼ੀ ਵਿਚ ਹੀ ਸਨ । ਇਹ ਗੱਲ ਮੰਨਣ ਯੋਗ ਹੈ, ਕਿ ਉਸ ਸਮੇਂ ਦੋਵੇਂ ਮਹਾ ਪੁਰਸ਼ ਜ਼ਰੂਰ ਮਿਲੇ ਹੋਣਗੇ । ਗੁਰੂ ਮਹਾਰਾਜ ਦੀ ਬਾਣੀ ਵਿਚ ਕਬੀਰ ਜੀ ਦਾ ਜ਼ਿਕਰ ਨਹੀਂ, ਪਰ ਕਬੀਰ ਜੀ ਦੀ ਬਾਣੀ

ਉਤੇ ਗੁਰਦੇਵ ਦੇ ਵਿਚਾਰਾਂ ਦਾ ਅਸਰ ਸਾਫ਼ ਨਜ਼ਰ ਆਉਂਦਾ ਹੈ।

ਪੁਰਾਣਾਂ ਮੁਤਾਬਕ ਕਾਂਸ਼ੀ (ਬਨਾਰਸ) 'ਸ਼ਿਵ' ਜੀ ਦੀ ਨਗਰੀ ਹੈ। ਜਿਹੜਾ ਕਾਂਸ਼ੀ ਵਿਚ ਪਰਾਣ ਤਿਆਗੇ, ਉਹ ਸਿੱਧਾ ਸੁਰਗ ਵਿਚ ਜਾਂਦਾ ਹੈ।

ਤੇ 'ਮਗਹਰ' (ਗੋਰਖਪੁਰ ਤੋਂ ਪੱਛਮ ਵੱਲ ਪੰਦਰਾਂ ਮੀਲ) 'ਗਣੇਸ਼' ਦੀ ਨਗਰੀ ਹੈ। ਓਥੇ ਮਰਨ ਵਾਲਾ ਨਰਕਾਂ ਦਾ ਭਾਗੀ ਬਣਦਾ ਹੈ। ਕਬੀਰ ਜੀ ਆਪਣੀ ਬਾਣੀ ਵਿਚ ਇਸ ਵਿਚਾਰ ਦਾ ਵਿਰੋਧ ਕਰਦੇ ਹਨ।

ਇਹ ਵਿਰੋਧ ਸਿਰਫ਼ ਜ਼ਬਾਨੀ ਹੀ ਨਹੀਂ, ਕਬੀਰ ਜੀ ਨੇ ਅਮਲੀ ਤੌਰ 'ਤੇ ਵੀ ਇਸ ਅੰਧ ਵਿਸ਼ਵਾਸ ਦੇ ਖ਼ਿਲਾਫ਼ ਬਗ਼ਾਵਤ ਕੀਤੀ ਹੈ। ਭਗਤ ਜੀ ਆਪਣੀ ਬਾਣੀ ਵਿਚ ਲਿਖਦੇ ਹਨ :

"ਸਗਲ ਜਨਮ ਸਿਵ ਪੁਰੀ ਗਵਾਇਆ।
ਮਰਤੀ ਬਾਰ ਮਗਹਰਿ ਉਠਿ ਆਇਆ।
ਬਹੁਤ ਬਰਸ ਤਪੁ ਕੀਆ ਕਾਸੀ।
ਮਰਨੁ ਭਇਆ ਮਗਹਰ ਕੀ ਬਾਸੀ।...।"

(ਰਾਗ ਗਉੜੀ)

ਇਸ ਤੋਂ ਇਹ ਵੀ ਸਿੱਧ ਹੁੰਦਾ ਹੈ, ਕਿ ਆਪ ਇਹ ਧਾਰ ਕੇ 'ਮਗਹਰ' ਗਏ ਸਨ, ਕਿ ਪ੍ਰਾਣ ਓਸੇ ਥਾਂ ਤਿਆਗਣੇ ਹਨ। ਆਪ ੧੫੭੫ ਬਿ. ਵਿਚ 'ਮਗਹਰ' ਜਾ ਵੱਸੇ। ਅੰਤ ਓਥੇ ਹੀ ਆਪ ਜੋਤਿ ਵਿਚ ਜੋਤਿ ਸਮਾਏ।

ਕਬੀਰ ਜੀ ਦੇ ਇਕ ਚੇਲੇ ਦਾ ਕਥਨ ਹੈ :

"ਪੰਦਰਾਂ ਸੋ ਪਛੱਤਰੇ ਕੀਆ ਮਗਹਰ ਕੋ ਗੌਨ।
ਮਘਰ ਸੁਦੀ ਇਕਾਦਸੀ ਮਿਲੀ ਪੌਨ ਮੇਂ ਪੌਨ।"

ਕਾਂਸ਼ੀ ਵਿਚ ਕਬੀਰ ਜੀ ਦਾ ਅਸਥਾਨ 'ਕਬੀਰ ਚੌਰਾ' ਪ੍ਰਸਿੱਧ ਹੈ। ਮਗਹਰ ਵਿਚ ਉਹਨਾਂ ਦੀ ਸਮਾਧ ਬਣੀ ਹੋਈ ਹੈ।

ਕਬੀਰ ਜੀ ਦੀ ਸੰਪ੍ਰਦਾਇ ਅਜੇ ਵੀ ਚਲਦੀ ਹੈ। ਇਸ ਦੇਸ ਦਾ ਕੁਛ ਰਿਵਾਜ ਹੀ ਅਜੇਹਾ ਹੈ, ਕਿ ਜਿਸ ਬਰਾਦਰੀ ਵਿਚੋਂ ਕੋਈ ਮਹਾਂ ਪੁਰਸ਼ ਹੋਇਆ ਹੈ, ਉਸ ਦੇ ਚੇਲੇ ਤੇ ਮੰਨਣ ਵਾਲੇ ਵਧੇਰੇ ਓਸੇ ਬਰਾਦਰੀ ਵਿਚੋਂ ਬਣੇ ਹਨ। ਕਬੀਰ ਜੀ ਜੁਲਾਹੇ ਸਨ। ਸੋ ਕਬੀਰ ਪੰਥੀਆ ਵਿਚ ਵੀ ਵਧੇਰੇ ਜੁਲਾਹਿਆਂ ਦੀ ਗਿਣਤੀ ਹੈ। ਦੂਸਰੇ ਸ਼ਬਦਾਂ ਵਿਚ ਹਿੰਦੂ ਜੁਲਾਹੇ ਆਪਣੇ ਆਪ ਨੂੰ 'ਕਬੀਰ ਪੰਥੀ' ਅਖਵਾਉਂਦੇ ਹਨ।

# ਜੈ ਦੇਵ ਜੀ

ਜੈ ਦੇਵ ਜੀ ਦੇ ਗੁਰੂ ਗ੍ਰੰਥ ਸਾਹਿਬ ਵਿਚ ਦੋ ਸ਼ਬਦ ਹਨ, ਇਕ ਰਾਗ 'ਗੂਜਰੀ' ਵਿਚ ਤੇ ਇਕ ਰਾਗ 'ਮਾਰੂ' ਵਿਚ।

ਭਗਤ ਜੈ ਦੇਵ ਜੀ ਕਨੌਜੀ ਵੰਸ਼ ਦੇ ਬ੍ਰਹਮਣ ਸਨ। ਆਪ ਜੀ ਦੇ ਪਿਤਾ ਦਾ ਨਾਮ 'ਭੋਜ ਦੇਵ' ਤੇ ਮਾਤਾ ਦਾ 'ਬਾਮ ਦੇਵੀ' ਸੀ। ਕੁਛ ਗ੍ਰੰਥਾਂ ਵਿਚ ਮਾਤਾ ਦਾ ਨਾਮ 'ਰਮਾ ਦੇਵੀ' ਲਿਖਿਆ ਹੈ।

ਜੈਦੇਵ ਜੀ ਦਾ ਜਨਮ ਨੱਗਰ 'ਕੇਂਦਲੀ' ਪਰਗਣਾ 'ਬੀਰ ਭੂਮ' ਬੰਗਾਲ ਵਿਚ ਹੋਇਆ। ਆਪ ਰਾਜਾ 'ਲਛਮਣ ਸੈਨ' ਦੇ ਦਰਬਾਰੀ ਪੰਜਾਂ ਕਵੀਆਂ ਵਿਚੋਂ ਇਕ ਸਨ। ਆਪ ਸੰਸਕ੍ਰਿਤ ਤੇ ਬ੍ਰਜ ਭਾਸ਼ਾ ਦੇ ਮਹਾਨ ਵਿੱਦਿਵਾਨ ਸਨ। ਆਪ ਕਵੀ ਤੇ ਗਵਈਏ ਵੀ ਚੋਟੀ ਦੇ ਸਨ। 'ਗੀਤ ਗੋਵਿੰਦ' ਆਪ ਜੀ ਦੀ ਪ੍ਰਸਿੱਧ ਰਚਨਾ ਹੈ।

ਆਪ ਵੈਰਾਗੀ ਤਬੀਅਤ ਦੇ ਸਨ। ਸੋ ਰਾਜ ਦਰਬਾਰ ਦੀ ਨੌਕਰੀ ਛੱਡ ਕੇ ਯਾਤਰਾ ਵਾਸਤੇ ਨਿਕਲ ਤੁਰੇ। ਫਿਰਦੇ ਫਿਰਦੇ ਆਪ 'ਜਗਨਨਾਥ ਪੁਰੀ' ਜਾ ਪਹੁੰਚੇ। ਓਥੇ ਇਕ 'ਅਗਨੀ ਹੋਤਰੀ' ਬ੍ਰਿਹਮਣ ਨੇ ਆਪਣੀ ਲੜਕੀ 'ਪਦਮਾਵਤੀ' ਦੀ ਸ਼ਾਦੀ ਜੈ ਦੇਵ ਨਾਲ ਕਰਨੀ ਚਾਹੀ। ਪਰ ਵੈਰਾਗੀ ਸੁਭਾਉ ਹੋਣ ਕਰ ਕੇ ਜੈ ਦੇਵ ਨੇ ਇਨਕਾਰ ਕਰ ਦਿਤਾ। ਲੜਕੀ ਦੇ ਪਿਤਾ ਨੇ ਕਿਹਾ, 'ਮੈਂ ਇਕ ਵਾਰ ਸੰਕਲਪ ਕਰ ਚੁਕਾ ਹਾਂ। ਸੋ ਇਹ

ਆਪ ਜੀ ਦੀ ਪਤਨੀ ਹੈ ।

ਪਦਮਾਵਤੀ ਨੇ ਸ਼ਰਧਾ ਵਾਲ ਕਿਹਾ, 'ਮੈਂ ਆਪ ਜੀ ਦੀ ਪਤਨੀ ਹੋ ਚੁਕੀ ਹਾਂ । ਮੈਂ ਪ੍ਰਣ ਕਰਦੀ ਹਾਂ, ਕਿ ਆਪ ਜੀ ਦੇ ਭਗਤੀ ਭਾਵ ਵਿਚ ਵਿਘਨ ਨਹੀਂ ਪਾਵਾਂਗੀ ।' ਜੈ ਦੇਵ ਨੇ ਉਸ ਨਾਲ ਵਿਆਹ ਕਰ ਲਿਆ। ਫਿਰ ਦੋਵੇਂ ਮਿਲ ਕੇ ਭਜਨ ਗਾਇਆ ਕਰਦੇ ।

ਜੈ ਦੇਵ ਜੀ ਦੇ ਜੀਵਨ ਨਾਲ ਸ਼ਰਧਾਲੂਆਂ ਨੇ ਇਕ ਕਰਾਮਾਤੀ ਕਹਾਣੀ ਵੀ ਜੋੜ ਛੱਡੀ ਹੈ । ਡਾਕੂਆਂ ਨੇ ਜੈ ਦੇਵ ਦੇ ਹੱਥ ਵਢ ਕੇ ਖੂਹ ਵਿਚ ਸੁੱਟ ਦਿਤਾ । 'ਉਟਕਲ' ਦੇ ਰਾਜੇ ਨੇ ਜੈ ਦੇਵ ਨੂੰ ਖੂਹ ਵਿਚੋਂ ਕਢ ਲਿਆ । ਸਮਾਂ ਪਾ ਕੇ ਜੈ ਦੇਵ ਦੇ ਦੋਵੇਂ ਹੱਥ ਠੀਕ ਹੋ ਗਏ ।

ਪਦਮਾਵਤੀ ਪਤੀ ਨੂੰ ਸੱਚੇ ਦਿਲੋਂ ਪਿਆਰ ਕਰਦੀ ਸੀ, ਤੇ ਸ਼ਰਧਾ ਨਾਲ ਸੇਵਾ ਕਰਦੀ ਸੀ ।

ਜੈ ਦੇਵ ਜੀ ਦੇ ਜਨਮ ਦੀ ਸਹੀ ਤਾਰੀਖ਼ ਨਹੀਂ ਮਿਲਦੀ । ਸਿਰਫ਼ ਏਨਾ ਪਤਾ ਲਗਦਾ ਹੈ, ਕਿ ਆਪ ਬਾਰ੍ਹਵੀਂ ਸਦੀ ਈਸਵੀ ਦੇ ਆਖ਼ਰੀ ਅੱਧ ਵਿਚ ਹੋਏ ।

# ਤ੍ਰਿਲੋਚਨ ਜੀ

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਤ੍ਰਿਲੋਚਨ ਜੀ ਦੇ ਚਾਰ ਸ਼ਬਦ ਹਨ। ਆਪ ਨਾਮਦੇਵ ਜੀ ਦੇ ਸਮਕਾਲੀ ਸਨ।

ਤ੍ਰਿਲੋਚਨ ਜੀ ਵੈਸ਼ ਹਿੰਦੂ ਸਨ। ਆਪ ਦਾ ਜਨਮ ੧੩੨੫ ਬਿ: ਵਿਚ ਨੱਗਰ 'ਬਾਰਸੀ' ਜ਼ਿਲਾ 'ਸ਼ੋਲਾਪੁਰ' ਵਿਚ ਹੋਇਆ। ਆਪ 'ਵੈਸ਼ਨਵ' ਮਤ ਦੇ ਧਾਰਨੀ ਤੇ ਗ੍ਰਿਸਤੀ ਸਨ। ਆਏ ਗਏ ਸਾਧੂ ਦੀ ਸੇਵਾ ਕਰ ਕੇ ਆਪ ਬਹੁਤ ਖ਼ੁਸ਼ ਹੁੰਦੇ। ਉਹਨਾਂ ਦੀ ਪਰਾਹੁਣਚਾਰੀ ਦੀ ਮਹਿਮਾ ਸੁਣ ਕੇ ਬਹੁਤ ਸਾਰੇ ਸਾਧੂ ਸੰਤ ਆਉਣ ਲੱਗ ਪਏ। ਭਗਤ ਜੀ ਦੀ ਪਤਨੀ ਵੀ ਬੜੇ ਸਾਊ ਸੁਭਾਉ ਦੀ ਮਾਲਕ ਸੀ। ਉਹ ਆਉਣ ਵਾਲੇ ਪਰਾਹੁਣਿਆਂ ਦੀ ਸੇਵਾ ਕਰਦੀ ਕਰਦੀ ਥੱਕ ਜਾਂਦੀ। ਇਕ ਦਿਨ ਉਹਨੇ ਪਤੀ ਪਾਸ ਬੇਨਤੀ ਕੀਤੀ, ਕਿ ਕੋਈ ਭਲਾ ਸੁਭਾਉ ਵਾਲਾ ਨੌਕਰ ਮਿਲ ਜਾਵੇ, ਤਾਂ ਮੈਨੂੰ ਕੁਛ ਸਹੂਲਤ ਹੋ ਜਾਵੇ।

ਉਸ ਦੇ ਇੱਛਿਆ ਕਰਨ 'ਤੇ ਇਕ ਗਰੀਬ ਜੇਹਾ ਨੌਕਰ ਵੀ ਆ ਗਿਆ। ਉਸ ਨੇ ਆਪਣਾ ਨਾਮ 'ਅੰਤਰਜਾਮੀ' ਦੱਸਿਆ। ਉਸ ਨੇ ਕੁਛ ਸ਼ਰਤਾਂ ਪੇਸ਼ ਕੀਤੀਆਂ: 'ਇਕ ਤਾਂ ਮੈਂ ਖਾਂਦਾ ਪੀਂਦਾ ਕੁਛ ਵਧੇਰੇ ਹਾਂ। ਇਸ ਗੱਲ ਦੀ ਚਰਚਾ ਨਾ ਹੋਵੇ। ਦੂਸਰੇ ਨਾ ਕੋਈ ਮੇਰੀ ਨਿੰਦਿਆ ਕਰੇ, ਤੇ ਨਾ ਉਸਤਤ। ਕੰਮ ਮੈਂ ਸਾਰੇ ਕਰਾਂਗਾ।'

ਨੌਕਰ ਨੇ ਘਰ ਦਾ ਸਾਰਾ ਕੰਮ ਸੰਭਾਲ ਲਿਆ। ਆਏ ਗਏ ਅਭਿ-ਆਗਤ ਦੀ ਸੇਵਾ ਅੱਗੇ ਨਾਲੋਂ ਵੀ ਵਧੇਰੇ ਹੋਣ ਲੱਗ ਪਈ। ਇਸ ਲਈ

ਭਗਤ ਜੀ ਦੇ ਘਰ ਆਉਣ ਵਾਲਿਆਂ ਦੀ ਗਿਣਤੀ ਬਹੁਤ ਵੱਧ ਗਈ। ਨੌਕਰ ਆਏ ਨੂੰ ਤੇਰਾਂ ਮਹੀਨੇ ਗੁਜ਼ਰ ਗਏ।

ਇਕ ਦਿਨ ਭਗਤ ਜੀ ਦੀ ਪਤਨੀ ਨੇ ਇਕ ਗਵਾਂਢਣ ਕੋਲ ਗਿਲ੍ਹਾ ਕੀਤਾ, 'ਭੈਣ ! ਸਾਡਾ ਨੌਕਰ ਹੈ ਤਾਂ ਚੰਗਾ, ਪਰ ਪੇਟੂ ਬਹੁਤ ਹੈ, ਕਈਆਂ ਬੰਦਿਆਂ ਜਿੰਨਾ ਉਹ ਇਕੱਲਾ ਹੀ ਖਾ ਜਾਂਦਾ ਹੈ। ਫਿਰ ਆਏ ਗਏ 'ਤੇ ਵੀ ਖੁਲ੍ਹਾ ਖ਼ਰਚ ਕਰਦਾ ਹੈ। ਸੱਚੀ ਪੁੱਛਦੀ ਏਂ, ਤਾਂ ਉਹਨੇ ਤਾਂ ਸਾਡਾ ਘਰ ਉਜਾੜ ਦਿਤਾ ਹੈ।'

ਓਸੇ ਦਿਨ ਤੋਂ 'ਅੰਤਰਜਾਮੀ' ਗਾਇਬ ਹੋ ਗਿਆ।

ਸ਼ਰਧਾਵਾਨਾਂ ਦੀ ਰਾਏ ਹੈ, ਕਿ ਉਹ ਨੌਕਰ ਆਪ ਪਰਮਾਤਮਾ ਹੀ ਸੀ। ਧਰਮੀ ਪੁਰਸ਼ਾਂ ਦੇ ਨਾਮ ਨਾਲ ਏਹੋ ਜੇਹੀਆਂ ਕਰਾਮਾਤੀ ਕਹਾਣੀਆਂ ਜੁੜ ਜਾਇਆ ਕਰਦੀਆਂ ਹਨ। ਇਹ ਸੁਭਾਵਕ ਹੀ ਹੈ।

ਹੋ ਸਕਦਾ ਹੈ, ਕਿ ਭਗਤ ਜੀ ਦੇ ਇਸ ਸ਼ਬਦ ਦੇ ਆਧਾਰ 'ਤੇ ਇਹ ਕਹਾਣੀ ਘੜੀ ਗਈ ਹੋਵੇ।

"ਨਾਰਾਇਨ ਨਿੰਦਸਿ ਕਾਇ ਭੂਲੀ ਗਵਾਰੀ।
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁਰੀ।...।"

(ਰਾਗੁ ਧਨਾਸਰੀ)

ਨੌਕਰ ਦੇ ਚਲੇ ਜਾਣ ਪਿਛੋਂ ਭਗਤ ਜੀ ਦੀ ਪਤਨੀ ਬਹੁਤ ਝੂਰਿਆ ਕਰਦੀ ਸੀ, ਤੇ ਆਪਣੇ ਕਹੇ ਬਚਨਾਂ 'ਤੇ ਅਫਸੋਸ ਕਰਿਆ ਕਰਦੀ ਸੀ।

ਭਗਤ ਜੀ ਦੇ ਦੇਹਾਂਤ ਦੀ ਤਾਰੀਖ਼ ਨਹੀਂ ਮਿਲਦੀ।

# ਧੰਨਾ ਜੀ

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਧਨਾ ਜੀ ਦੇ ਚਾਰ ਸ਼ਬਦ ਹਨ। ਧੰਨਾ ਜੀ ਹਿੰਦੂ 'ਜੱਟ' ਬਰਾਦਰੀ ਵਿਚੋਂ ਸਨ। ਆਪ ਜੀ ਦਾ ਜਨਮ ੧੪੭੩ ਬਿ. ਵਿਚ ਪਿੰਡ 'ਧੂਆਨ' ਇਲਾਕਾ 'ਟਾਂਕ' ਵਿਚ ਹੋਇਆ। ਇਹ ਇਲਾਕਾ 'ਦੇਉਲੀ' (ਰਾਜਸਥਾਨ) ਤੋਂ ਵੀਹ ਮੀਲ ਦੂਰ ਹੈ।

ਧੰਨੇ ਦੇ ਗੁਆਂਢ ਇਕ ਬ੍ਰਾਹਮਣ ਰਹਿੰਦਾ ਸੀ, ਉਹ ਨਿੱਤ ਠਾਕਰਾਂ ਦੀ ਪੂਜਾ ਕਰਿਆ ਕਰਦਾ ਸੀ। ਇਹ ਕੁਛ ਭਾਵੇਂ ਦਿਖਾਵੇ ਮਾਤਰ ਹੀ ਸੀ, ਪਰ ਫਿਰ ਵੀ ਲੋਕਾਂ ਦੇ ਮਨ ਉਤੇ ਉਸ ਦਾ ਅਸਰ ਸੀ।

ਧੰਨਾ ਆਪਣਾ ਮਾਲ ਚਾਰਨ ਜਾਂਦਾ, ਤਾਂ ਨਾਲ ਪੰਡਤ ਦੀ ਗਊ ਵੀ ਲੈ ਜਾਇਆ ਕਰਦਾ। ਕਦੇ ਉਹ ਸ਼ਰਧਾ ਨਾਲ ਪੰਡਤ ਕੋਲ ਬੈਠ ਕੇ ਠਾਕਰਾਂ ਬਾਰੇ ਗੱਲ-ਬਾਤ ਵੀ ਕਰ ਲੈਂਦਾ। ਉਸ ਬਾਲਕ ਉਤੇ ਆਪਣਾ ਪ੍ਰਭਾਵ ਪਾਉਣ ਵਾਸਤੇ ਪੰਡਤ ਉਸ ਨੂੰ ਦੱਸਦਾ, ਕਿ ਸੱਚੇ ਦਿਲੋਂ ਠਾਕਰਾਂ ਦੀ ਪੂਜਾ ਕਰੀਏ, ਤਾਂ ਪਰਮਾਤਮਾ ਪਾਸੋਂ ਸਭ ਕੁਛ ਮਿਲ ਜਾਂਦਾ ਹੈ। ਏਥੋਂ ਤਕ, ਕਿ ਮੁਕਤੀ ਮਿਲ ਜਾਂਦੀ ਹੈ, ਸਾਰੇ ਦੁੱਖਾਂ ਮੁਸੀਬਤਾਂ ਤੋਂ ਛੁਟਕਾਰਾ ਹੋ ਜਾਂਦਾ ਹੈ।

ਛੋਟੀ ਉਮਰ ਤੋਂ ਹੀ ਧੰਨੇ ਦੇ ਮਨ 'ਤੇ ਇਹਨਾਂ ਗੱਲਾਂ ਦਾ ਬੜਾ ਚੰਗਾ ਅਸਰ ਪੈਂਦਾ। ਉਹ ਹਰ ਵੇਲੇ ਸੋਚਦਾ ਰਹਿੰਦਾ, ਕਿ ਕਦੋਂ ਮੈਂ ਵੱਡਾ

ਹੋਵਾਂ, ਤੇ ਠਾਕਰਾਂ ਦੀ ਪੂਜਾ ਕਰ ਕੇ ਮੁਕਤੀ ਪ੍ਰਾਪਤ ਕਰ ਸੱਕਾਂ।

ਧੰਨੇ ਨੇ ਇਹ ਵੀ ਸੋਚਿਆ, ਕਿ ਪੰਡਤ ਦੀ ਕਿਰਪਾ ਤੋਂ ਬਿਨਾਂ ਮੈਨੂੰ ਠਾਕਰ ਨਹੀਂ ਮਿਲ ਸਕਦਾ। ਉਸ ਨੇ ਪੰਡਤ ਦੀ ਖ਼ੁਸ਼ਾਮਦ ਸ਼ੁਰੂ ਕਰ ਦਿਤੀ। ਉਹ ਪੰਡਤ ਦੀ ਗਊ ਚਰਾਉਣ ਲੈ ਜਾਂਦਾ, ਆਪਣੇ ਖੇਤ ਵਿਚੋਂ ਤੇ ਘਰੋਂ ਵੀ ਪੰਡਤ ਵਾਸਤੇ ਕੁਛ ਨਾ ਕੁਛ ਲੈ ਜਾਇਆ ਕਰਦਾ।

ਧੰਨਾ ਜ਼ਰਾ ਵਡੇਰਾ ਹੋਇਆ, ਤਾਂ ਮਾਲ ਚਾਰਨ ਦੀ ਥਾਂ ਉਹ ਆਪਣੇ ਖੇਤ ਵਿਚ ਵਾਹੀ ਕਰਨ ਲੱਗ ਪਿਆ।

ਧੰਨੇ ਨੇ ਸੋਚਿਆ, ਕਿ ਜਦ ਮੈਂ ਖੇਤੀ ਦਾ ਕੰਮ ਕਰਨ ਜੋਗ ਹੋ ਗਿਆ ਹਾਂ, ਤਾਂ ਠਾਕਰ ਦੀ ਸੇਵਾ ਕਿਵੇਂ ਨਹੀਂ ਕਰ ਸਕਾਂਗਾ। ਛੋਟੀ ਉਮਰ ਤੋਂ ਹੀ ਧੰਨਾ ਪੰਡਤ ਕੋਲੋਂ ਠਾਕਰ ਮੰਗਦਾ ਆਇਆ ਸੀ, ਤੇ ਪੰਡਤ ਸਦਾ ਉਸ ਨੂੰ ਟਾਲਦਾ ਆਇਆ ਸੀ। ਪੰਡਤ ਨੂੰ ਇਸ ਗੱਲ ਖ਼ਤਰਾ ਸੀ, ਕਿ ਜੇ ਧੰਨਾ ਘਰੇ ਠਾਕਰਾਂ ਦੀ ਪੂਜਾ ਕਰਨ ਲੱਗ ਪਿਆ, ਤਾਂ ਮੇਰੀ ਸੇਵਾ ਕਰਨੀ ਛੱਡ ਦੇਵੇਗਾ। ਅਖ਼ੀਰ ਧੰਨੇ ਨੇ ਜੱਟਾਂ ਵਾਲਾ ਦਾਬਾ ਮਾਰਿਆ, ਤਾਂ ਪੰਡਤ ਨੂੰ ਝੁਕਣਾ ਪੈ ਗਿਆ। ਫਿਰ ਵੀ ਉਹ ਚਾਲਾਕੀ ਕਰ ਗਿਆ। ਘੜੇ ਹੋਏ ਸੁੰਦਰ ਠਾਕਰ ਦੀ ਥਾਂ ਉਹਨੇ ਧੰਨੇ ਨੂੰ ਇਕ ਗੋਲ ਪੱਥਰ ਫੜਾ ਦਿਤਾ। ਧੰਨੇ ਨੇ ਸਿਰ ਝੁਕਾ ਕੇ ਸੱਚੀ ਸ਼ਰਧਾ ਨਾਲ ਉਸ ਨੂੰ ਰੱਬ ਮੰਨ ਲਿਆ।

ਆਪਣੇ ਖੇਤ ਵਿਚ ਜਾ ਕੇ, ਪੰਡਤ ਦੀ ਦੱਸੀ ਵਿਧੀ ਅਨੁਸਾਰ ਧੰਨੇ ਨੇ ਆਪ ਇਸ਼ਨਾਨ ਕੀਤਾ, ਫਿਰ ਠਾਕਰ ਦਾ ਇਸ਼ਨਾਨ ਕਰਾਇਆ। ਸਾਮ੍ਹਣੇ ਬੈਠ ਕੇ, ਹੱਥ ਜੋੜ ਕੇ ਤੇ ਨੇਤਰ ਬੰਦ ਕਰ ਕੇ ਧੰਨਾ ਲੱਗਾ ਰੱਬ ਦਾ ਸਿਮਰਨ ਕਰਨ। ਘਰੋਂ ਧੰਨੇ ਵਾਸਤੇ ਭੋਜਨ ਆਇਆ, ਤਾਂ ਉਹ ਠਾਕਰ ਸਾਮ੍ਹਣੇ ਰੱਖ ਕੇ ਲੱਗਾ ਅਰਜ਼ੋਈਆਂ ਕਰਨ। ਪਰ ਪੱਥਰ ਦੇ ਬੁੱਤ ਵੀ ਕਦੇ ਨਰਮ ਹੋਏ ਨੇ ? ਅੰਤ ਧੰਨੇ ਵੀ ਜੱਟਾਂ ਵਾਲਾ ਸਿਰੜ ਕਰ ਲਿਆ।

'ਭਗਵਾਨ ! ਠੀਕ ਹੈ, ਮੈਨੂੰ ਅਨਪੜ੍ਹ ਜੱਟ ਨੂੰ ਪੰਡਤਾਂ ਵਾਂਗ ਪੂਜਾ ਕਰਨੀ ਨਹੀਂ ਆਉਂਦੀ । ਪਰ ਇਕ ਗੱਲ ਸੁਣ ਲੈ । ਜਿੰਨਾ ਚਿਰ ਤੂ ਹੱਥ ਕਢ ਕੇ ਪ੍ਰਸਾਦ ਨਹੀਂ ਛਕੇਂਗਾ, ਮੈਂ ਵੀ ਮੂੰਹ ਨਹੀਂ ਜੁਠਾਵਾਂਗਾ ।'

ਜੱਟ ਭਗਤ ਦਾ ਸਿਰੜ । ਕਈ ਦਿਨ ਬੀਤ ਗਏ, ਪਰ ਧੰਨਾ ਸਿਦਕੋਂ ਨਾ ਡੋਲਿਆ । ਸ਼ਰਧਾਵਾਨ ਕਹਿੰਦੇ ਹਨ, ਕਿ ਭਗਵਾਨ ਨੇ ਆਪ ਸਾਮ੍ਹਣੇ ਬਹਿ ਕੇ ਧੰਨੇ ਦਾ ਪਰੋਸਿਆ ਭੋਜਨ ਛਕਿਆ ।

ਸਹੀ ਅਰਥਾਂ ਵਿਚ ਧੰਨੇ ਨੂੰ ਗਿਆਨ ਹੋ ਗਿਆ, ਕਿ ਈਸ਼ਵਰ ਪੱਥਰਾਂ ਵਿਚ ਨਹੀਂ । ਉਹਨੂੰ ਅੰਦਰੋਂ ਭਾਲਣਾ ਪਵੇਗਾ ।

ਮਨ ਵਰਾਗੀ ਹੋ ਗਿਆ । ਤੀਰਥ ਯਾਤਰਾ ਕਰਦੇ ਕਰਦੇ ਧੰਨਾ ਜੀ ਕਾਂਸ਼ੀ ਜਾ ਪੁੱਜੇ । ਏਥੇ 'ਰਾਮਾਨੰਦ' ਜੀ ਦੀ ਰਹਿਣੀ ਦਾ ਉਹਨਾਂ ਦੇ ਮਨ 'ਤੇ ਬਹੁਤ ਅਸਰ ਪਿਆ, ਤੇ ਧੰਨਾ ਉਹਨਾਂ ਦਾ ਸ਼ਿਸ਼ (ਚੇਲਾ) ਬਣ ਗਿਆ ।

ਅੰਤਲੀ ਅਵਸਥਾ । ਬੁੱਤ ਪੂਜਾ ਤੋਂ ਉਠ ਕੇ ਧੰਨਾ ਇਕ 'ਨਿਰੰਕਾਰ' ਦਾ ਪੁਜਾਰੀ ਬਣ ਗਿਆ । ਆਪ ਨੇ ਬਾਕੀ ਭਗਤਾਂ ਬਾਰੇ ਸੁਣਿਆਂ । ਨਾਮਦੇਵ, ਕਬੀਰ, ਰਵਿਦਾਸ, ਸੈਣ ਆਦਿ ਦੀ ਉੱਚੀ ਰਹਿਣੀ ਨੇ ਧੰਨੇ ਦੇ ਮਨ 'ਤੇ ਅਸਰ ਕੀਤਾ । ਆਪਣੀ ਇਕ ਰਚਨਾ ਵਿਚ ਧੰਨਾ ਜੀ ਇਸ ਦਾ ਜ਼ਿਕਰ ਕਰਦੇ ਹਨ ।

"ਇਹਿ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ ।
ਮਿਲ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ।"

(ਰਾਗ ਆਸਾ)

ਧੰਨਾ ਜੀ ਦਾ (ਰਾਗ ਧਨਾਸਰੀ ਵਾਲਾ) ਸ਼ਬਦ ਤਾਂ ਬਹੁਤ ਪਰਚਲਤ ਹੈ । ਜੱਟ ਭਗਤ ਸੀ ਨਾਂ । ਉਹਨੇ ਰੱਬ ਕੋਲੋਂ ਵੀ ਠੇਠ ਬੋਲੀ ਵਿਚ ਹੀ ਸਭ ਕੁਛ ਮੰਗ ਲਿਆ ।

"ਗੋਪਾਲ, ਤੇਰਾ ਆਰਤਾ ।
ਜੋ ਜਨੁ ਤੁਮਰੀ ਭਗਤਿ ਕਰੰਤੇ
ਤਿਨ ਕੇ ਕਾਜ ਸਵਾਰਤਾ ।੧।ਰਹਾਉ।
ਦਾਲ ਸੀਧਾ ਮਾਗਉ ਘੀਉ ।
ਹਮਰਾ ਖੁਸੀ ਕਰੈ ਨਿਤ ਜੀਉ ।
ਪਨੀਆ ਛਾਦਨੁ ਨੀਕਾ ।
ਅਨਾਜੁ ਮਾਗਉ ਸਤ ਸੀ ਕਾ ।੧।
ਗਊ ਭੈਸ ਮਾਗਉ ਲਾਵੇਰੀ ।
ਇਕ ਤਾਜਨਿ ਤੁਰੀ ਚੰਗੇਰੀ ।
ਘਰ ਕੀ ਗੀਹਨਿ ਚੰਗੀ ।
ਜਨੁ ਧੰਨਾ ਲੇਵੈ ਮੰਗੀ ।੨।"

ਧੰਨਾ ਜੀ ਬਾਰੇ ਹੋਰ ਵੀ ਕਈ ਕਹਾਵਤਾਂ ਪ੍ਰਸਿਧ ਹਨ, ਜੋ ਬੜੀਆਂ ਸਿੱਖਿਆ-ਦਾਇਕ ਹਨ ।

ਇਸ ਮਹਾਂਪੁਰਸ਼ ਦਾ ਦੇਹਾਂਤ ਕਿੱਥੇ ਤੇ ਕਦੋਂ ਹੋਇਆ, ਕੋਈ ਪਤਾ ਨਹੀਂ ਚਲਦਾ ।

# ਨਾਮ ਦੇਵ ਜੀ

ਮਹਾਂਪੁਰਸ਼ਾਂ ਦੀਆਂ ਜਨਮ ਤਾਰੀਖ਼ਾਂ ਬਾਰੇ ਕਈ ਭੁਲੇਖੇ ਪ੍ਰਚਲਤ ਹੋ ਜਾਂਦੇ ਹਨ। ਮਿਸਾਲ ਵਜੋਂ, ਵਿੱਦਿਵਾਨਾਂ ਦੀ ਬਹੁ-ਸੰਮਤੀ ਗੁਰੂ ਨਾਨਕ ਦੇਵ ਜੀ ਦੇ ਪਰਗਟ ਹੋਣ ਦੀ ਤਾਰੀਖ਼ ਵਿਸਾਖ ਸੁਦੀ ਤਿੰਨ ਮੰਨਦੀ ਹੈ। ਪਰ ਹਜ਼ੂਰ ਦੇ ਅਵਤਾਰ ਧਾਰਨ ਦਾ ਪੁਰਬ ਕੱਤਕ ਪੂਰਨਮਾਸ਼ੀ ਨੂੰ ਮਨਾ-ਇਆ ਜਾਂਦਾ ਹੈ।

ਏਸੇ ਤਰ੍ਹਾਂ ਭਗਤ ਨਾਮਦੇਵ ਜੀ ਦੇ ਜਨਮ ਦੀ ਤਾਰੀਖ਼ ਬਾਰੇ ਵੀ ਮਤਭੇਦ ਹੈ। ਪਰ ਸਾਨੂੰ ਇਕ ਤਾਰੀਖ਼ ਤਾਂ ਮੰਨਣੀ ਹੀ ਪਵੇਗੀ।

ਨਾਮਦੇਵ ਜੀ ਦਾ ਜਨਮ ਐਤਵਾਰ, ਕੱਤਕ ਸੁਦੀ ੧੧, ਸੰਮਤ ੧੩੨੭ ਬਿ: ਨੂੰ ਪਿੰਡ 'ਨਰਸੀ ਬਾਮਨੀ' ਵਿਚ ਹੋਇਆ। ਇਹ ਅਸਥਾਨ 'ਸਤਾਰਾ' (ਬੰਬਈ) ਦੇ ਨੇੜੇ ਹੈ।

ਨਾਮਦੇਵ ਜੀ ਦੇ ਪਿਤਾ ਦਾ ਨਾਮ 'ਦਾਮਸ਼ੇਟੀ' ਤੇ ਮਾਤਾ ਦਾ ਨਾਮ 'ਗੋਨਾ ਬਾਈ' ਸੀ। ਨਾਮ ਦੇਵ ਜੀ ਦੀ ਸ਼ਾਦੀ 'ਗੋਬਿੰਦ ਸ਼ੇਟੀ' ਦੀ ਪੁੱਤਰੀ 'ਰਾਜਾ ਬਾਇ ਨਾਲ ਹੋਈ। ਭਗਤ ਜੀ ਛੀਪਾ (ਛੀਂਬਾ) ਬਰਾਦਰੀ ਵਿਚੋਂ ਸਨ, ਤੇ ਨਿਰਬਾਹ ਵਾਸਤੇ ਪਿਤਾ ਪੁਰਖੀ ਕਿੱਤਾ ਕੱਪੜੇ ਠੇਕਣ ਦਾ ਕੰਮ ਕਰਦੇ ਸਨ। ਆਪ ਜੀ ਦੇ ਘਰ ਚਾਰ ਪੁੱਤਰ (ਨਾਰਾਯਣ, ਮਹਾਦੇਵ, ਗੋਵਿੰਦ ਤੇ ਵਿੱਠਲ) ਤੇ ਇਕ ਪੁੱਤਰੀ 'ਲਿੰਬਾ ਬਾਈ' ਹੋਏ।

ਨਾਮਦੇਵ ਜੀ ਦੇ ਪਿਤਾ ਠਾਕਰਾਂ ਦੇ ਪੁਜਾਰੀ ਸਨ। ਉਚ ਜਾਤੀਏ ਪੰਡਤ ਉਹਨਾਂ ਨੂੰ ਆਪਣੇ ਮੰਦਰਾਂ ਵਿਚ ਦਾਖ਼ਲ ਨਹੀਂ ਸਨ ਹੋਣ ਦੇਂਦੇ। ਇਸ ਲਈ ਨਿਮਨ ਸ਼ਰੇਣੀ ਦੇ ਹਿੰਦੂਆਂ ਨੇ ਆਪਣੇ ਮੰਦਰ ਵੱਖਰੇ ਬਣਾ ਲਏ ਸਨ। ਉਹਨਾਂ ਵਿਚ ਉਹ ਲੋਕ ਆਪਣੇ ਠਾਕਰਾਂ ਦੀ ਪੂਜਾ ਕਰਿਆ ਕਰਦੇ ਸਨ। ਨਾਮਦੇਵ ਜੀ ਦੇ ਬਜ਼ੁਰਗਾਂ ਦਾ ਦੇਵਤਾ 'ਵਿੱਠਲ' ਸੀ, ਜੋ 'ਕ੍ਰਿਸ਼ਨ' ਜੀ ਦੀ ਹੀ ਮੂਰਤੀ ਸੀ। ਨਾਮਦੇਵ ਜੀ ਦੇ ਪਿਤਾ 'ਵਿਠਲ' ਦੀ ਨਿੱਤ ਪੂਜਾ ਕਰਦੇ ਸਨ। ਉਹਨਾਂ ਦੇ ਨਾਲ ਨਾਮਦੇਵ ਜੀ ਵੀ ਮੰਦਰ ਵਿਚ ਜਾਇਆ ਕਰਦੇ, ਤੇ ਮੂਰਤੀ ਬਾਰੇ ਬੜੀ ਸ਼ਰਧਾ ਪਰਗਟ ਕਰਦੇ। ਆਪਣੇ ਬਚਪਨ ਦੀ ਅਵਸਥਾ ਦਾ ਜ਼ਿਕਰ ਭਗਤ ਜੀ ਆਪਣੇ ਸ਼ਬਦ "ਦੂਧੁ ਪੀਉ ਗੋਬਿੰਦੇ ਰਾਇ।" ਵਿਚ ਕਰਦੇ ਹਨ।

ਇਸ ਤੋਂ ਇਹ ਸਿੱਧ ਹੁੰਦਾ ਹੈ, ਕਿ ਬਚਪਨ ਤੋਂ ਹੀ ਨਾਮਦੇਵ ਜੀ ਦੀ ਰੁਚੀ ਭਗਤੀ ਭਾਵ ਵਾਲੀ ਸੀ।

ਆਪ ਜ਼ਰਾ ਵਡੇਰੇ ਹੋਏ, ਤਾਂ ਸੰਤ 'ਵਿਸ਼ੋਭਾ ਖੇਚਰ' ਦੀ ਸੰਗਤ ਨੇ ਉਹਨਾਂ ਦੇ ਮਨ 'ਤੇ ਬਹੁਤ ਅਸਰ ਕੀਤਾ। ਕਾਫ਼ੀ ਸਮਾਂ ਨਾਮਦੇਵ ਜੀ 'ਪੰਡਰਪੁਰ' (ਪੁੰਡਰੀਕਪੁਰ) ਵਿਚ ਰਹੇ। ਪਰ ਬਹੁਤਾ ਸਮਾਂ ਆਪ ਨੇ ਦੇਸ ਦੇ ਕਈ ਭਾਗਾਂ ਵਿਚ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਦਿਆਂ ਮਹਾਂ ਪੁਰਸ਼ਾਂ ਦੀ ਸੰਗਤ ਵਿਚ ਗੁਜ਼ਾਰਿਆ। ਇਸ ਦਾ ਸਬੂਤ ਉਹਨਾਂ ਦੀ ਮਿਲੀ ਜੁਲੀ ਬੋਲੀ ਤੋਂ ਮਿਲਦਾ ਹੈ।

ਨਾਮਦੇਵ ਜੀ ਦੇ ਜੀਵਨ ਬਾਰੇ ਕਈ ਸਾਖੀਆਂ ਪਰਚਲਤ ਹਨ, ਜੋ ਉਹਨਾਂ ਦੀ ਬਾਣੀ ਚੋਂ ਲਈਆਂ ਗਈਆਂ ਹਨ। ਬਾਦਸ਼ਾਹ ਮੁਹੰਮਦ ਤੁਗ਼ਲਕ ਨੇ ਨਾਮਦੇਵ ਜੀ ਦੀ ਕਰਾਮਾਤ ਪਰਖਣ ਵਾਸਤੇ ਕਿਹਾ, ਕਿ ਮੋਈ ਗਊ ਜ਼ਿੰਦਾ ਕਰ ਕੇ ਵਿਖਾਓ। ਨਾਮਦੇਵ ਜੀ ਦੇ ਇਨਕਾਰ ਕਰਨ 'ਤੇ

ਬਾਦਸ਼ਾਹ ਨੇ ਉਹਨਾਂ ਨੂੰ ਕੈਦ ਕਰ ਦਿਤਾ। ਪਰ ਬਾਦਸ਼ਾਹ ਆਪ ਬੀਮਾਰ ਹੋ ਗਿਆ। ਉਸ ਦੀ ਰੂਹ ਨੇ ਕਿਹਾ, 'ਇਹ ਸੰਤ ਨੂੰ ਦੁੱਖ ਦੇਣ ਦੀ ਸਜ਼ਾ ਹੈ।' ਬਾਦਸ਼ਾਹ ਨੇ ਨਾਮਦੇਵ ਜੀ ਤੋਂ ਮਾਫ਼ੀ ਮੰਗੀ, ਤੇ ਉਹਨਾਂ ਨੂੰ ਰਿਹਾ ਕਰ ਦਿਤਾ।

ਨਾਮਦੇਵ ਜੀ ਦੇ ਦੇਹਾਂਤ ਬਾਰੇ ਵੀ ਮਤਭੇਦ ਹੈ। ਦੱਖਣੀ ਵਿੱਦਿਵਾਨ ਕਹਿੰਦੇ ਹਨ, ਕਿ ਭਗਤ ਜੀ ਦਾ ਦੇਹਾਂਤ ੧੪੦੮ ਬਿ: ਨੂੰ 'ਪੰਡਰਪੁਰ' (ਜ਼ਿਲਾ ਸ਼ੋਲਾਪੁਰ) ਵਿਚ ਹੋਇਆ।

ਪਰ ਪੰਜਾਬ ਵਾਸੀ ਮੰਨਦੇ ਹਨ, ਕਿ ਨਾਮਦੇਵ ਜੀ ਪਿੰਡ 'ਘੁਮਣ' ਜ਼ਿਲਾ ਗੁਰਦਾਸਪੁਰ ਵਿਚ ਸਮਾਏ। ਏਸੇ ਪਿੰਡ ਵਿਚ ਉਹਨਾਂ ਦਾ ਮੰਦਰ ਹੈ, ਜਿੱਥੇ ਹਰ ਸਾਲ ਦੋ ਮਾਘ ਨੂੰ ਮੇੱਲਾ ਲੱਗਦਾ ਹੈ।

ਛੀਂਬਾ ਬਰਾਦਰੀ ਭਗਤ ਜੀ ਦਾ ਉਚੇਚਾ ਮਾਣ ਸਤਕਾਰ ਕਰਦੀ ਹੈ

ਡਾਕਟਰ ਸਾਹਿਬ ਸਿੰਘ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੀ ਪੰਜਵੀਂ ਪੋਥੀ ਵਿਚ ਭਗਤ ਨਾਮਦੇਵ ਜੀ ਦੀ ਬਾਣੀ ਬਾਰੇ ਆਪਣੇ ਵਿਚਾਰ ਬੜੇ ਵਿਸਥਾਰ ਨਾਲ ਦਿਤੇ ਹਨ। ਪਰ ਸਾਡਾ ਮਨੋਰਥ ਕੇਵਲ ਸੰਖੇਪ ਇਤਿਹਾਸ ਦੇਣਾ ਹੈ।

# ਪਰਮਾ ਨੰਦ ਜੀ

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਪਰਮਾ ਨੰਦ ਜੀ ਦਾ ਵੀ ਇਕੋ ਸ਼ਬਦ ਹੈ, ਰਾਗ 'ਸਾਰੰਗ' ਵਿਚ।

ਪਰਮਾਨੰਦ ਜੀ ਬਾਰੇ ਵਧੇਰੇ ਵੇਰਵਾ ਨਹੀਂ ਮਿਲਦਾ। ਹਾਂ, ਇਹ ਪਤਾ ਚਲਦਾ ਹੈ, ਕਿ ਆਪ 'ਸ੍ਰੀ ਵਲਭਾਚਾਰਯ' ਦੇ ਸ਼ਿਸ਼ (ਚੇਲੇ) ਸਨ। ਵਲਭਾਚਾਰਯ ਸੰਮਤ ੧੫੩੬ ਬਿ: ਵਿਚ ਹੋਏ ਹਨ।

'ਮੈਕਾਲਿਫ਼' ਲਿਖਦਾ ਹੈ, ਕਿ ਪਰਮਾਨੰਦ ਜੀ 'ਬਾਰਸੀ' (ਜ਼ਿਲਾ ਸ਼ੋਲਾਪੁਰ) ਦੇ ਰਹਿਣ ਵਾਲੇ ਸਨ। ਪਰ 'ਮਿਸਰ ਬੰਧੂ ਵਿਨੋਦ' ਦਾ ਕਰਤਾ ਲਿਖਦਾ ਹੈ, ਕਿ ਪਰਮਾਨੰਦ ਜੀ 'ਕਨੌਜ' ਦੇ ਵਸਨੀਕ 'ਕਾਨ ਕੁਬਜ ਬ੍ਰਾਹਮਣ' ਸਨ।

ਭਗਤ ਪਰਮਾਨੰਦ ਜੀ ਬੜੇ ਤਿਆਗੀ ਸੁਭਾਉ ਦੇ ਵਿਅਕਤੀ ਸਨ। ਇਕ ਵਾਰ ਕਿਸੇ ਧਨੀ ਪੁਰਸ਼ ਨੇ ਰੇਸ਼ਮੀ ਬਸਤਰ ਉਹਨਾਂ ਦੀ ਭੇਟ ਕੀਤੇ। ਉਹਨਾਂ ਇਹ ਕਹਿ ਕੇ ਵਾਪਸ ਕਰ ਦਿਤੇ, ਕਿ ਇਹ ਉਸ ਵਿਅਕਤੀ ਨੂੰ ਦੇ ਦਿਹੋ, ਜਿਸ ਨੂੰ ਮੇਰੇ ਨਾਲੋਂ ਵਧੇਰੇ ਜ਼ਰੂਰਤ ਹੈ।

ਆਪ ਬੜੀ ਮਿੱਠੀ ਸੁਰ ਵਿਚ ਭਜਨ ਗਾਇਆ ਕਰਦੇ। ਉਸ ਸਮੇਂ ਆਪ ਜੀ ਦੇ ਨੇਤਰਾਂ ਵਿਚੋਂ ਲਗਾਤਾਰ ਹੰਝੂ ਝਰਿਆ ਕਰਦੇ। ਆਮ ਕਰ ਕੇ ਇਹ ਆਪਣੀ ਕਵਿਤਾ ਵਿਚ ਉਪਨਾਮ (ਤਖ਼ੱਲਸ) ਵਜੋਂ ਸ਼ਬਦ 'ਸਾਰੰਗ' (ਚਾਤ੍ਰਿਕ) ਵਰਤਿਆ ਕਰਦੇ। ਪਰ ਜੋ ਸ਼ਬਦ ਆਪ ਜੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਓਥੇ ਪੂਰਾ ਨਾਮ 'ਪਰਮਾਨੰਦ' ਹੀ ਹੈ।

# ਪੀਪਾ ਜੀ

ਭਗਤ 'ਪੀਪਾ' ਜੀ ਦਾ ਵੀ ਗੁਰੂ ਗ੍ਰੰਥ ਸਾਹਿਬ ਵਿਚ ਇਕੋ ਸ਼ਬਦ ਹੈ ਰਾਗ ਧਨਾਸਰੀ ਵਿਚ।

ਪੀਪਾ ਜੀ ਦਾ ਜਨਮ ੧੪੮ ਬਿ: ਵਿਚ ਹੋਇਆ। ਆਪ 'ਗਗਰੌਨ' (ਕੋਟੇ ਤੋਂ ੪੫ ਮੀਲ਼ ਪੂਰਬ ਵੱਲ) ਦੇ ਰਾਜਾ ਸਨ। ਪਹਿਲੇ ਆਪ 'ਦੁਰਗਾ ਭਗਤ' ਸਨ। ਪਰ ਇਕ ਸਾਧੂ ਦੀ ਪ੍ਰੇਰਨਾ ਨਾਲ ਆਪ ਨੇ 'ਵੈਸ਼ਨਵ' ਮਤ ਧਾਰਨ ਕਰ ਲਿਆ।

ਤੀਰਥ ਯਾਤਰਾ ਕਰਦੇ ਕਰਦੇ ਆਪ ਜੀ ਬਨਾਰਸ ਪਹੁੰਚੇ। ਓਥੇ 'ਰਾਮਾਨੰਦ' ਦੇ ਵਿਚਾਰਾਂ ਦਾ ਪੀਪਾ ਜੀ ਦੇ ਮਨ 'ਤੇ ਏਨਾ ਪ੍ਰਭਾਵ ਪਿਆ, ਕਿ ਆਪ 'ਰਾਮਾਨੰਦ' ਜੀ ਦੇ ਚੇਲੇ ਬਣ ਗਏ।

ਅੰਤ ਮਨ ਦੀ ਅਵਸਥਾ ਏਥੋਂ ਤਕ ਪੁੱਜ ਗਈ, ਕਿ ਆਪ ਰਾਜਭਾਗ ਤਿਆਗ ਕੇ ਘਰੋਂ ਨਿਕਲ ਤੁਰੇ। ਆਪ ਜੀ ਦੇ ਨਾਲ ਆਪ ਜੀ ਦੀ ਰਾਣੀ 'ਸੀਤਾ' ਸਾਥਣ ਬਣੀ। ਫ਼ਕੀਰਾਨਾ ਲਿਬਾਸ ਵਿਚ ਸੀਤਾ ਸਦਾ ਆਪਣੇ ਪਤੀ ਨਾਲ ਰਹੀ।

ਹੋਰ ਭਗਤਾਂ ਵਾਂਗ ਪੀਪਾ ਜੀ ਦੇ ਨਾਲ ਵੀ ਸ਼ਰਧਾਵਾਨਾਂ ਨੇ ਕਈ ਸਾਖੀਆਂ ਜੋੜ ਛੱਡੀਆਂ ਹਨ। ਸਾਖੀਆਂ ਵਿਚੋਂ ਉਹਨਾਂ ਦਾ ਤਿਆਗ ਤੇ ਮਨ ਦੀ ਸ਼ਾਂਤੀ ਪਰਗਟ ਹੁੰਦੀ ਹੈ।

# ਫ਼ਰੀਦ ਜੀ

ਗੁਰੂ ਗ੍ਰੰਥ ਸਾਹਿਬ ਵਿਚ 'ਫ਼ਰੀਦ' ਜੀ ਦੇ ਚਾਰ ਸ਼ਬਦ ਤੇ ੧੩੦ ਸਲੋਕ ਹਨ।

ਫ਼ਰੀਦ ਜੀ ਪਿਤਾ ਵੱਲੋਂ ਹਜ਼ਰਤ 'ਉਮਰ' (ਖ਼ਲੀਫ਼ਾ) ਨਾਲ ਮਿਲਦੇ ਸਨ, ਤੇ ਮਾਤਾ ਵੱਲੋਂ ਹਜ਼ਰਤ 'ਅਲੀ' (ਖ਼ਲੀਫ਼ਾ) ਨਾਲ। ਪ੍ਰਸਿੱਧ 'ਸ਼ੇਖ਼ ਫ਼ਰੀਦ ਸ਼ਕਰ ਗੰਜ' ਦੇ ਪਿਤਾ ਦਾ ਨਾਮ 'ਜਮਾਲੁੱਦੀਨ' ਤੇ ਮਾਤਾ ਦਾ ਨਾਮ 'ਮਰੀਅਮ' ਸੀ। ਉਹਨਾਂ ਦੀ ਬੰਸਾਵਲੀ ਇਉਂ ਹੈ :

ਸ਼ੇਖ਼ ਜਮਾਲੁੱਦੀਨ ਸੁਲੇਮਾਨ

|

ਸ਼ੇਖ਼ ਫ਼ਰੀਦ ਸ਼ਕਰਗੰਜ

|

ਖ਼ਵਾਜਾ ਪੀਰ ਬਦਰੁੱਦੀਨ ਸੁਲੇਮਾਨ

|

ਖ਼ਵਾਜਾ ਪੀਰ ਅਲਾਉੱਦੀਨ 'ਮੌਜਿ ਦਰਿਆ'

|

|

ਖ਼ਵਾਜਾ ਪੀਰ ਮੁਇਜ਼ੁੱਦੀਨ

|

ਦੀਵਾਨ ਪੀਰ ਫ਼ਜ਼ਲ ਸ਼ਾਹ

|

ਖ਼ਵਾਜਾ ਪੀਰ ਮੁਨੱਵਰ ਸ਼ਾਹ

|

ਦੀਵਾਨ ਪੀਰ ਬਹਾਉੱਦੀਨ 'ਹਾਰੂੰ'

|

ਦੀਵਾਨ ਸ਼ੇਖ਼ ਅਹਿਮਦ ਸ਼ਾਹ

|

ਦੀਵਾਨ ਪੀਰ ਅਤਾਉੱਲਾ

|

ਖ਼ਵਾਜਾ ਸ਼ੇਖ ਮੁਹੰਮਦ

|

ਸ਼ੇਖ਼ ਇਬਰਾਹੀਮ (ਬ੍ਰਹਮ)

ਇਹਨਾਂ ਦਾ ਨਾਮ ਹੀ ਫ਼ਰੀਦ ਸਾਨੀ' ਹੈ, ਤੇ ਗੁਰੂ ਨਾਨਕ ਦੇਵ ਜੀ ਨਾਲ ਇਹਨਾਂ ਦਾ ਦੋ ਵਾਰ ਮਿਲਾਪ ਹੋਇਆ ਹੈ।

ਇਹ ਖ਼ਾਨਦਾਨ ਕਾਬਲ ਤੋਂ ਪੰਜਾਬ ਆਇਆ। ਕੁਛ ਸਮਾਂ ਲਾਹੌਰ ਤੇ ਕਸੂਰ ਵਿਚ ਗੁਜ਼ਾਰ ਕੇ ਇਹ ਜ਼ਿਲਾ ਮੁਲਤਾਨ ਵਿਚ ਜਾ ਟਿਕੇ। ਸ਼ੇਖ਼ ਜਮਾਲੁੱਦੀਨ ਸੁਲੇਮਾਨ ਦੀ ਸ਼ਾਦੀ ਮੁੱਲਾਂ ਵਜ਼ੀਉੱਦੀਨ ਦੀ ਲੜਕੀ 'ਮਰੀਅਮ' ਨਾਲ ਹੋਈ। ਉਹਨਾਂ ਦੇ ਘਰ ਤਿੰਨ ਪੁੱਤਰ ਹੋਏ : ਅਜ਼ੁੱਦੀਨ

ਮਹਿਮੂਦ, ਫ਼ਰੀਦੁੱਦੀਨ ਮਸਊਦ ਤੇ ਨਜੀਬੁੱਦੀਨ। ਏਹਾ ਫ਼ਰੀਦੁੱਦੀਨ 'ਸ਼ੇਖ਼ ਫ਼ਰੀਦ ਸ਼ਕਰਗੰਜ' ਬਣੇ।

ਸ਼ੇਖ਼ ਫ਼ਰੀਦ ਦਾ ਜਨਮ ਸੰਨ ੧੧ ੩ ਈ: ਵਿਚ ਪਿੰਡ 'ਖੋਤਵਾਲ', ਜ਼ਿਲਾ ਮੁਲਤਾਨ ਵਿਚ ਹੋਇਆ। ਸਹਿਜ ਸਹਿਜ ਇਹ ਖ਼ਾਨਦਾਨ ਪਾਕਪਟਨ ਵਿਚ ਆ ਵੱਸਿਆ। ਏਥੇ ਹੀ ਫ਼ਰੀਦ ਸਾਨੀ ਨਾਲ ਗੁਰੂ ਨਾਨਕ ਦੇਵ ਜੀ ਦਾ ਮੇਲ ਮਿਲਾਪ ਹੋਇਆ।

ਜਿਹੜੇ ਸੂਫੀ ਫ਼ਕੀਰ ਭਾਰਤ ਵਿਚ ਇਸਲਾਮ ਦਾ ਪ੍ਰਚਾਰ ਕਰਨ ਆਏ, ਉਹਨਾਂ ਦੀਆਂ ਇਹ ਗੱਦੀਆਂ ਪ੍ਰਸਿੱਧ ਹਨ : 'ਚਿਸ਼ਤੀ, 'ਕਾਦਰੀ', 'ਨਕਸ਼ ਬੰਦੀ', 'ਸੁਹਰਵਰਦੀ', 'ਕਲੰਦਰੀਆ ਤੇ 'ਮਦਾਰੀਆ। ਸ਼ੇਖ਼ ਫ਼ਰੀਦ 'ਚਿਸ਼ਤੀਆਂ' ਦੀ ਗੱਦੀ ਨਾਲ ਸੰਬੰਧਤ ਸਨ।

ਸ਼ੇਖ਼ ਫ਼ਰੀਦ ਪਹਿਲੇ ਦੇ ਨਾਮ ਨਾਲ ਕਈ ਸਾਖੀਆਂ ਜੁੜੀਆਂ ਹੋਈਆਂ ਹਨ। ਜਿਵੇਂ, ਫ਼ਰੀਦ ਜੀ ਦੀ ਮਾਤਾ ਉਹਨਾਂ ਦੇ ਮੁਸੱਲੇ (ਨਮਾਜ਼ ਪੜ੍ਹਨ ਦੇ ਆਸਣ) ਥੱਲੇ ਸੱਕਰ ਰੱਖ ਛੱਡਦੀ। ਜਿੱਥੋਂ ਉਹਨਾਂ ਦਾ ਨਾਮ 'ਸ਼ਕਰ ਗੰਜ' ਪੈ ਗਿਆ। ਫ਼ਰੀਦ ਗਲ ਵਿਚ ਕਾਠ ਦੀ ਰੋਟੀ ਪਾ ਕੇ ਜੰਗਲ ਵਿਚ ਫਿਰਦਾ ਰਹਿੰਦਾ। ਉਹਨੇ ਖੂਹ ਵਿਚ ਪੁੱਠ ਲਟਕ ਕੇ ਛਿਲੇ (ਚਾਲੀਹੇ) ਕੱਟੇ। ਜੰਗਲ ਵਿਚ ਚਿੜੀਆਂ ਦੇ ਸ਼ੋਰ ਤੋਂ ਛਿੱਥੇ ਪੈ ਕੇ ਕਿਹਾ 'ਚਿੜੀਓ ! ਮਰ ਜਾਓ', ਤਾਂ ਚਿੜੀਆਂ ਮਰ ਗਈਆਂ : ਮਨ ਵਿਚ ਬੜਾ ਅਫਸੋਸ ਹੋਇਆ। ਰਹਿਮ ਵਿਚ ਆ ਕੇ ਕਿਹਾ, 'ਚਿੜੀਓ, ਉੱਡ ਜਾਓ'। ਤਾਂ ਉਹ ਦੁਬਾਰਾ ਜ਼ਿੰਦਾ ਹੋ ਕੇ ਉੱਡ ਗਈਆਂ।

ਫ਼ਕੀਰ ਦੇ ਮਨ ਵਿਚ ਆਈ, 'ਹੁਣ ਮੈਂ ਕੁਛ ਬਣ ਗਿਆ ਹਾਂ'।

ਅੰਤ ਵਾਹ ਪਿਆ ਇਕ ਪਤੀ-ਬ੍ਰਤਾ ਦੇਵੀ 'ਰੰਗ ਰੱਤੜੀ' ਨਾਲ। ਉਹ ਖੂਹ 'ਤੇ ਪਾਣੀ ਭਰ ਰਹੀ ਹੀ। ਫ਼ਰੀਦ ਨੇ ਪਾਸ ਆ ਕੇ ਪਾਣੀ

ਮੰਗਿਆ। ਰੰਗ ਰੱਤੜੀ ਨੇ ਪਰਵਾਹ ਨਾ ਕੀਤੀ। ਦੂਸਰੀ ਵਾਰ ਫ਼ਰੀਦ ਨੇ ਕੁਛ ਧੌਂਸ ਨਾਲ ਪਾਣੀ ਮੰਗਿਆ। ਅੱਗੋਂ 'ਰੰਗ ਰੱਤੜੀ' ਨੇ ਹੱਸ ਕੇ ਉੱਤਰ ਦਿਤਾ, 'ਬਾਬਾ ! ਹਰ ਥਾਂ ਧੌਂਸ ਨਹੀਂ ਚੱਲਿਆ ਕਰਦੀ। ਇਹ ਚਿੜੀਆਂ ਨਹੀਂ, ਜਿਨ੍ਹਾਂ ਨੂੰ ਕਦੇ ਮਾਰ ਦੇਵੇਂਗਾ, ਤੇ ਕਦੇ ਜ਼ਿੰਦਾ ਕਰ ਦੇਵੇਂਗਾ। ਰੱਬ ਨੂੰ ਮਿਲਨਾ ਈ, ਤਾਂ ਹਉਮੈਂ ਦਾ ਰਸਤਾ ਛੱਡ ਕੇ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਸਿੱਖ।'

ਏਥੋਂ ਫ਼ਰੀਦ ਨੂੰ ਗਿਆਨ ਹੋ ਗਿਆ, ਤੇ ਉਹਨੇ ਨਮਰਤਾ ਦਾ ਰਸਤਾ ਅਖ਼ਤਿਆਰ ਕਰ ਲਿਆ। ਉਹ ਆਪ ਮੁਹਾਰੇ ਪੁਕਾਰ ਉੱਠੇ :

"ਫਰੀਦਾ, ਥੀਉ ਪਵਾਹੀ ਦਭੁ।
ਜੇ ਸਾਈਂ ਲੋੜਹਿ ਸਭੁ।
ਇਕੁ ਛਿਜਹਿ, ਬਿਆ ਲਤਾੜੀਅਹਿ।
ਤਾਂ ਸਾਈ ਦੈ ਦਰਿ ਵਾੜੀਅਹਿ।੧੬।"

ਇਸ ਵਿਚ ਕੋਈ ਸ਼ੱਕ ਨਹੀਂ,ਕਿ ਗੁਰੂ ਨਾਨਕ ਦੇਵ ਜੀ ਦਾ ਮਿਲਾਪ ਪਾਕਪਟਨ ਵਿਚ 'ਫ਼ਰੀਦ ਸਾਨੀ' ਨਾਲ ਹੋਇਆ। ਇਹਨਾਂ ਦਾ ਨਾਮ ਹੀ 'ਸ਼ੇਖ਼ ਇਬਰਾਹੀਮ' ਜਾਂ 'ਸ਼ੇਖ਼ ਬ੍ਰਹਮ' ਹੈ। ਪਰ ਗੱਦੀ ਨਸ਼ੀਨ ਹੋਣ ਕਰ ਕੇ 'ਸ਼ੇਖ਼ ਫ਼ਰੀਦ' ਹੀ ਅਖਵਾਉਂਦੇ ਸਨ।

ਸਾਡੇ ਸਾਮ੍ਹਣੇ ਜ਼ਰੂਰੀ ਸਵਾਲ ਇਹ ਹੈ, ਕਿ ਜੋ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ ਪਹਿਲੇ ਫ਼ਰੀਦ ਦੀ ਹੈ, ਜਾਂ 'ਫ਼ਰੀਦ ਸਾਨੀ' ਦੀ। ਇਸ ਦਾ ਸਹੀ ਨਿਰਣਾ ਕਰਨਾ ਭਾਸ਼ਾ ਵਿੱਗਿਆਨੀਆਂ ਦਾ ਕੰਮ ਹੈ, ਪਰ ਫ਼ਰੀਦ ਜੀ ਦੀ ਬੋਲੀ ਜਿੰਨੀ ਠੇਠ ਪੰਜਾਬੀ ਹੈ, ਉਹ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਪੰਜਾਬੀ ਜਾਪਦੀ ਹੈ।

ਗਿ: ਪ੍ਰਤਾਪ ਸਿੰਘ ਜੀ ਨੇ 'ਭਗਤ ਦਰਸ਼ਨ' ਵਿਚ ਫ਼ਰੀਦ ਸ਼ੱਕਰਗੰਜ

ਦੀਆਂ ਦੋ ਰੁਬਾਈਆਂ ਫ਼ਾਰਸੀ ਵਿਚ ਵੀ ਦਿਤੀਆਂ ਹਨ। ਹੋ ਸਕਦਾ ਹੈ, ਫ਼ਰੀਦ ਸ਼ਕਰਗੰਜ ਫ਼ਾਰਸੀ ਵਿਚ ਲਿਖਦੇ ਹੋਣ, ਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਫ਼ਰੀਦ ਸਾਨੀ ਦੀ ਹੋਵੇ। ਦਾਅਵੇ ਨਾਲ ਕੁਛ ਨਹੀਂ ਕਿਹਾ ਜਾ ਸਕਦਾ, ਪਰ ਇਹ ਸਵਾਲ ਖੋਜ ਦਾ ਮੁਹਤਾਜ ਜ਼ਰੂਰ ਹੈ।

ਫ਼ਰੀਦ ਸਾਨੀ ੧੫੫੨ ਈ: ਵਿਚ ਸਮਾਏ, ਤੇ 'ਸਰਹਿੰਦ' ਵਿਚ ਦਫ਼ਨਾਏ ਗਏ।

# ਬੇਣੀ ਜੀ

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬੇਣੀ ਜੀ ਦੇ ਤਿੰਨ ਸ਼ਬਦ ਹਨ। ਇਕ ਰਾਗ ਸੂਹੀ ਵਿਚ, ਇਕ ਰਾਮਕਲੀ ਵਿਚ, ਤੇ ਇਕ ਪ੍ਰਭਾਤੀ ਵਿਚ।

ਇਤਿਹਾਸ ਇਸ ਭਗਤ ਬਾਰੇ ਬਿਲਕੁਲ ਚੁੱਪ ਹੈ। ਭਾਈ ਗੁਰਦਾਸ ਜੀ ਦੀ ਵਾਰ (ਵਾਰ ੧੦-੧੪) ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ, ਕਿ ਆਪ ਗ੍ਰਿਹਸਤੀ ਸਨ, ਪਰ ਬੜੇ ਆਲ੍ਹਸੀ। ਰੱਬ ਦੀ ਭਗਤੀ ਤਾਂ ਕਰਦੇ ਸਨ, ਪਰ ਕਿਰਤ ਨਹੀਂ। ਇਹਨਾਂ ਦੀ ਰਚਨਾ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ, ਕਿ ਆਪ ਬ੍ਰਹਿਮਣ ਸਨ। ਘਰ ਦੇ, ਘਰ ਦੀਆਂ ਲੋੜਾਂ ਵੱਲ ਧਿਆਨ ਦੁਆਉਂਦੇ, ਤਾਂ ਆਪ ਉੱਤਰ ਦੇਂਦੇ, 'ਮੈਂ ਰਾਜ ਦਰਬਾਰ ਚੱਲਿਆ ਹਾਂ।' ਇਹਨਾਂ ਦੀ ਭਗਤੀ ਤੇ ਸੰਤੋਖੀ ਸੁਭਾਉ ਦੀ ਚਰਚਾ ਇਲਾਕੇ ਦੇ ਰਾਜੇ ਪਾਸ ਪਹੁੰਚੀ, ਤਾਂ ਸਾਰੇ ਖ਼ਰਚ ਦੀ ਜ਼ਿੰਮੇਵਾਰੀ ਉਸ ਨੇ ਸੰਭਾਲ ਲਈ।

ਭਾਈ ਗੁਰਦਾਸ ਜੀ ਇਉਂ ਪਰਗਟ ਕਰਦੇ ਹਨ, ਜਿਵੇਂ ਈਸ਼ਵਰ ਆਪ ਰਾਜਾ ਬਣ ਕੇ ਭਗਤ ਦੇ ਕਾਰਜ ਸੁਆਰਦਾ ਹੈ।

"ਪੈਜ ਸਵਾਰੇ ਭਗਤ ਦੀ,

ਰਾਜਾ ਹੁਇਕੈ ਘਰ ਚਲ ਆਵੈ ।
ਦੇਇ ਦਿਲਾਸਾ ਤੁਸ ਕੈ
ਅਨਗਿਣਤੀ ਖਰਚੀ ਪਹੁਚਾਵੈ ।
ਓਥਹੁ ਆਯਾ ਭਗਤ ਪਾਸ,
ਹੋਇ ਦਿਆਲ ਹੇਤ ਉਪਜਾਵੈ ।
ਭਗਤ ਜਨਾਂ ਜੈਕਾਰ ਕਰਾਵੈ ।

(ਵਾਰ ੧੦-੧੪)

# ਭੀਖਣ ਜੀ

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਭੀਖਨ ਜੀ ਦੇ ਦੋ ਸ਼ਬਦ ਹਨ : ਰਾਗ ਸੋਰਠਿ ਵਿਚ ।

ਮੈਕਾਲਿਫ਼ ਉਸ ਨੂੰ 'ਸ਼ੇਖ਼ ਭੀਖਨ' ਕਰ ਕੇ ਲਿਖਦਾ ਹੈ । ਆਪ ਕਾਕੋਰੀ (ਲਖਨਊ ਨੇੜੇ) ਦੇ ਰਹਿਣ ਵਾਲੇ ਸਨ । ਆਪ ਮਹਾਨ ਵਿੱਦਿਵਾਨ ਤੇ ਸੂਫ਼ੀ ਵਿਚਾਰਾਂ ਦੇ ਮੁਸਲਮਾਨ ਸਨ । ਆਪ ਨੇ ਵਧੇਰੇ ਸਿੱਖਿਆ ਸੱਯਦ ਮੀਰ ਇਬਰਾਹੀਮ ਪਾਸੋਂ ਪ੍ਰਾਪਤ ਕੀਤੀ ।

ਮੈਕਾਲਿਫ਼ ਦੀ ਲਿਖਤ ਅਨੁਸਾਰ ਆਪ ਦਾ ਦੇਹਾਂਤ ੧੫੭੩-੪ ਈ: ਵਿਚ ਹੋਇਆ ।

# ਰਵਿਦਾਸ ਜੀ

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦੇ ਚਾਲੀ ਸ਼ਬਦ ਹਨ। ਆਪ ਚੰਮਾਰ ਜਾਤੀ ਦੇ ਹਿੰਦੂ ਸਨ।

ਆਪ ਜੀ ਦੀ ਜਨਮ ਤਾਰੀਖ਼ ਪ੍ਰਮਾਣੀਕ ਗ੍ਰੰਥਾਂ ਵਿਚੋਂ ਨਹੀਂ ਮਿਲਦੀ। ਏਨਾ ਹੀ ਪਤਾ ਲਗਦਾ ਹੈ, ਕਿ ਆਪ ਜੀ ਦੇ ਪਿਤਾ ਦਾ ਨਾਮ 'ਰਘੂ' ਤੇ ਮਾਤਾ ਦਾ ਨਾਮ 'ਧੁਰਬਿਨੀਆਂ' ਸੀ। ਆਪ ਜੀ ਦਾ ਜਨਮ ਕਾਂਸ਼ੀ ਵਿਚ ਹੋਇਆ। ਆਪ 'ਰਾਮਾ ਨੰਦ' ਦੇ ਚੇਲੇ ਤੇ 'ਕਬੀਰ' ਜੀ ਦੇ ਸਮਕਾਲੀ ਸਨ।

ਆਪ ਗ੍ਰਿਸਤੀ ਸਨ। ਜੁੱਤੀਆਂ ਸਿਉਂ ਕੇ ਆਪ ਜੀਵਨ ਨਿਰਬਾਹ ਕਰਦੇ, ਤੇ ਓਸੇ ਧਰਮ ਦੀ ਕਿਰਤ ਵਿਚੋਂ ਆਏ ਗਏ ਸਾਧੂ ਸੰਤ ਦੀ ਸੇਵਾ ਕਰਦੇ। ਈਸ਼ਵਰ ਭਗਤੀ ਦੇ ਕਾਰਨ ਆਪ ਜੀ ਦਾ ਜੱਸ ਆਸੇ ਪਾਸੇ ਕਾਫੀ ਦੂਰ ਤਕ ਫਲ ਗਿਆ। ਆਪ ਜੀ ਦੀ ਪਵਿੱਤਰ ਬਾਣੀ ਦਾ ਸਰੋਤਿਆਂ ਉਤੇ ਬਹੁਤ ਅਸਰ ਹੁੰਦਾ।

ਏਥੋਂ ਤਕ ਲਿਖਿਆ ਹੈ, ਕਿ ਰਾਣਾ ਚਿਤੌੜ ਦੀ ਰਾਣੀ 'ਝਾਲਾ ਬਾਈ ਮੀਰਾ' ਭਗਤ ਰਵਿਦਾਸ ਜੀ ਦੇ ਸ਼ੁਭ ਵਿਚਾਰ ਸੁਣ ਕੇ ਉਹਨਾਂ ਦੀ ਸ਼ਿਸ਼ (ਚੇਲੀ) ਬਣੀ।

ਜਿਵੇਂ ਮਹਾਂ ਪੁਰਸ਼ਾਂ ਦੇ ਸ਼ਰਧਾਲੂ ਮੰਨਿਆਂ ਕਰਦੇ ਹਨ, ਭਗਤ

ਰਵਿਦਾਸ ਜੀ ਦੇ ਜੀਵਨ ਨਾਲ ਵੀ ਕਈ ਸਾਖੀਆਂ ਜੁੜੀਆਂ ਹੋਈਆਂ ਹਨ। ਉਹਨਾਂ ਦੀ ਬਰਾਦਰੀ ਅੱਜ ਮਾਣ ਨਾਲ ਆਪਣੇ ਆਪ ਨੂੰ 'ਰਵਿਦਾਸੀਏ' ਅਖਵਾਉਂਦੀ ਹੈ ।

ਈਸ਼ਵਰ ਦੇ ਘਰ ਭਗਤੀ ਦਾ ਮੁੱਲ ਪੈਂਦਾ ਹੈ, ਜਨਮ ਜਾਤ ਦਾ ਨਹੀਂ ।

ਨੋਟ : ਪੰਨਾ ੩੯ ਉਤੇ ਇਕ ਗ਼ਲਤੀ ਰਹਿ ਗਈ ਹੈ । ਸੋਧ ਲਵੋ ।
ਚਾਰ ਖਾਣੀਆਂ—ਅੰਡਜ, ਜੇਰਜ (ਜਿਉਰ ਤੋਂ ਪੈਦਾ ਹੋਣ ਵਾਲੇ), ਸੇਤਜ, ਉਤਭੁਜ ।

# ਰਾਮਾ ਨੰਦ ਜੀ

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਰਾਮਾ ਨੰਦ ਜੀ ਦਾ ਜਨਮ ੧੪੨੩ ਬਿ: ਵਿਚ 'ਪ੍ਰਯਾਗ' ਵਿਚ ਹੋਇਆ । ਉਹਨਾਂ ਦੇ ਪਿਤਾ "ਭੂਰਿਕਰਮਾ' 'ਕਾਨਯਕੁਬਜ' ਬ੍ਰਹਿਮਣ ਸਨ । ਰਾਮਾ ਨੰਦ ਜੀ ਦੀ ਮਾਤਾ ਦਾ ਨਾਮ 'ਸੁਸ਼ੀਲਾ' ਸੀ। ਮਾਤਾ ਪਿਤਾ ਨੇ ਇਹਨਾਂ ਦਾ ਨਾਮ 'ਰਾਮ ਦੱਤ' ਰਖਿਆ ਸੀ।

ਵੱਡੇ ਹੋ ਕੇ ਰਾਮਾ ਨੰਦ ਨੇ 'ਸ੍ਰੀ ਰਾਮਾਨੁਜ' ਦੀ ਸੰਪ੍ਰਦਾਇ ਨੂੰ ਅਪਣਾਇਆ।

ਗੁਰੂ ਪਰੰਪਰਾ ਇਉਂ ਹੈ :

ਸ੍ਰੀ ਰਾਮਾਨੁਜ

|

ਦੇਵਾ ਨੰਦ

|

ਹਰਿਆ ਨੰਦ

|

ਰਾਘਵਾ ਨੰਦ

|

ਰਾਮਾ ਨੰਦ

ਇਹ ਸੰਪਰਦਾਇ 'ਵੈਸ਼ਨਵ' ਮਤ ਦੀ ਧਾਰਨੀ ਸੀ। ਰਾਘਵਾਨੰਦ ਤੋਂ ਦੀਖਿਆ ਲੈ ਕੇ ਰਾਮਾ ਨੰਦ ਨੇ ਬੜਾ ਕਠਨ ਤਪ ਕੀਤਾ। ਫਿਰ ਗੁਰੂ ਦੀ ਆਗਿਆ ਨਾਲ ਤੀਰਥਾਂ ਦੀ ਯਾਤਰਾ ਕੀਤੀ। ਇਸ ਭਰਮਣ ਵਿਚ ਕਈ ਮਹਾਂਪੁਰਸ਼ਾਂ ਨਾਲ ਮੇਲ ਹੋਇਆ। ਏਸੇ ਸਮੇਂ ਆਪ ਨੇ ਪੁਰਾਤਨ ਗ੍ਰੰਥਾਂ ਦਾ ਅਧੈਨ ਕੀਤਾ। ਜਿਸ ਕਾਰਨ 'ਰਾਮਾ ਨੰਦ' ਦੇ ਵਿਚਾਰ ਕਾਫੀ ਬਦਲ ਗਏ। ਰਾਘਵਾ ਨੰਦ ਨੇ ਰਾਮਾ ਨੰਦ ਦੇ ਵਿਚਾਰ ਸੁਣ ਕੇ ਉਸ ਨੂੰ ਆਪਣੀ ਨਵੀਂ ਸੰਪਰਦਾਇ ਚਲਾਉਣ ਦੀ ਆਗਿਆ ਦੇ ਦਿਤੀ।

ਰਾਮਾ ਨੰਦ ਕਾਂਸ਼ੀ ਵਿਚ ਆ ਟਿਕੇ, ਤੇ ਆਪਣੀ ਨਵੀਂ ਸੰਪਰਦਾਇ ਚਲਾਈ, ਜਿਸ ਨੂੰ 'ਰਾਮਾਨੰਦੀ', 'ਰਾਮਾਵਤ' ਜਾਂ 'ਵੈਰਾਗੀ' ਕਹਿੰਦੇ ਹਨ।

ਰਾਮਾ ਨੰਦ ਜੀ ਦੇ ਯਾਰਾਂ ਮੁਖੀ ਚੇਲੇ ਮੰਨੇ ਜਾਂਦੇ ਹਨ: ਆਨੰਤਾ ਨੰਦ, ਸੁਰੇਸੂਰਾ ਨੰਦ, ਨਰ ਹਰਿਆ ਨੰਦ, ਯੋਗਾ ਨੰਦ, ਕਬੀਰ, ਰਵਿਦਾਸ, ਪੀਪਾ, ਸੈਣ, ਭਾਵਾ ਨੰਦ, ਧਨੇਸ਼ੂਰ, ਗਾਲਵਾ ਨੰਦ, ਧੰਨਾ।

ਰਾਮਾ ਨੰਦ ਜੀ ਦਾ ਦੇਹਾਂਤ ੧੫੨੪ ਬਿ: ਵਿਚ ਹੋਇਆ।

ਫ਼ਤਹਿ।

ਸੀਤਲ ਭਵਨ, ਮਾਡਲ ਗਰਾਮ,
ਲੁਧਿਆਣਾ—੨.

ਸੋਹਣ ਸਿੰਘ ਸੀਤਲ
29-10-85

ਲਾਹੌਰ ਬੁੱਕਸ
ਲੁਧਿਆਣਾ

Print'N'Design by : PrintVizion, LDH